**Antelope Valley (ਐਂਟੀਲੋਪ ਵੈਲੀ)**
**ਵਿਸ਼ੇਸ਼ ਸਿੱਖਿਆ ਲਈ ਲੋਕਲ ਖੇਤਰ ਦਾ ਪਲੈਨ (SELPA)**
**ਮਾਤਾ-ਪਿਤਾ/ਗਾਰਡੀਅਨ/ਸਰੋਗੇਟ ਨੂੰ ਪ੍ਰੋਸੀਜ਼ਰਲ ਸੇਫਗਾਰਡਜ਼ ਦਾ ਨੋਟਿਸ**

**ਮਾਤਾ-ਪਿਤਾ ਅਤੇ ਬੱਚਿਆਂ ਦੇ ਵਿਸ਼ੇਸ਼ ਸਿੱਖਿਆ ਸਬੰਧੀ ਅਧਿਕਾਰ**
**Individuals with Disabilities Education Act, IDEA (ਅਯੋਗਤਾਵਾਂ ਵਾਲੇ ਵਿਅਕਤੀਆਂ ਲਈ ਸਿੱਖਿਆ ਕਾਨੂੰਨ), ਭਾਗ B**

***ਪਿਆਰੇ ਮਾਤਾ-ਪਿਤਾ/ਗਾਰਡੀਅਨ/ਵਿਦਿਆਰਥੀ:***

ਇਹ ਨੋਟਿਸ ਤੁਹਾਨੂੰ ਪ੍ਰਦਾਨ ਕੀਤਾ ਜਾਂਦਾ ਹੈ ਕਿਉਂਕਿ ਤੁਹਾਡੇ ਬੱਚੇ ਨੂੰ ਸੰਭਾਵੀ ਪਲੇਸਮੈਂਟ ਲਈ ਵਿਚਾਰਿਆ ਜਾ ਰਿਹਾ ਹੈ ਜਾਂ ਇਸ ਸਮੇਂ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਵਿੱਚ ਭਰਤੀ ਕੀਤਾ ਗਿਆ ਹੈ। ਇਹ ਨੋਟਿਸ ਉਹਨਾਂ ਬੱਚਿਆਂ ਲਈ ਵੀ ਪ੍ਰਦਾਨ ਕੀਤਾ ਜਾਂਦਾ ਹੈ ਜੋ 18 ਸਾਲ ਦੀ ਉਮਰ 'ਤੇ ਇਹਨਾਂ ਅਧਿਕਾਰਾਂ ਲਈ ਹੱਕਦਾਰ ਹਨ। ਜੇ ਵਿਸ਼ੇਸ਼ ਸਿੱਖਿਆ ਲਈ ਤੁਹਾਡੇ ਬੱਚੇ ਦਾ ਹਵਾਲਾ ਦਿੱਤਾ ਜਾ ਰਿਹਾ ਹੈ ਅਤੇ ਸਾਧਾਰਨ ਸਿੱਖਿਆ ਪ੍ਰੋਗਰਾਮ ਲਈ ਸਾਰੇ ਵਿਕਲਪਾਂ 'ਤੇ ਵਿਚਾਰ ਕਰ ਲਿਆ ਗਿਆ ਹੈ, ਅਤੇ ਜਦੋਂ ਤੁਹਾਡੇ ਬੱਚੇ ਲਈ ਢੁਕਵੇਂ ਤੌਰ 'ਤੇ ਕੰਮ 'ਤੇ ਲਿਆਇਆ ਜਾਵੇ, ਤਾਂ ਤੁਹਾਡੇ ਕੋਲ ਵਿਸ਼ੇਸ਼ ਸਿੱਖਿਆ ਲਈ ਇੱਕ ਹਵਾਲੇ ਨੂੰ ਸ਼ੁਰੂ ਕਰਨ ਦਾ ਅਧਿਕਾਰ ਹੁੰਦਾ ਹੈ।

ਕੈਲੀਫਾਰਨੀਆ ਵਿੱਚ, ਵਿਸ਼ੇਸ਼ ਸਿੱਖਿਆ ਅਯੋਗਤਾਵਾਂ ਵਾਲੇ ਬੱਚਿਆਂ ਨੂੰ ਵਿਦਿਆਰਥੀ ਦੇ ਜਨਮ ਅਤੇ ਬਾਈਵੇਂ (22ਵੇਂ) ਜਨਮਦਿਨ ਦੇ ਵਿਚਕਾਰ ਪ੍ਰਦਾਨ ਕੀਤੀ ਜਾਂਦੀ ਹੈ। ਸੰਘੀ ਅਤੇ ਪ੍ਰਦੇਸ਼ ਦੇ ਕਾਨੂੰਨ ਵਿਸ਼ੇਸ਼ ਸਿੱਖਿਆ ਦੀ ਪਲੇਸਮੈਂਟ ਅਤੇ ਸੇਵਾਵਾਂ ਦਾ ਮੁਲਾਂਕਣ ਅਤੇ ਪਛਾਣ ਕਰਨ ਲਈ ਕਾਰਜਵਿਧੀਆਂ ਦੇ ਦੌਰਾਨ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਬਚਾਉਂਦੇ ਹਨ। ਅਯੋਗਤਾਵਾਂ ਵਾਲੇ ਬੱਚਿਆਂ ਦੇ ਮਾਤਾ-ਪਿਤਾ ਕੋਲ ਵਿਅਕਤੀਗਤ ਸਿੱਖਿਆ ਪ੍ਰੋਗਰਾਮ ਕਿਰਿਆ, (individual education program, IEP), IEP ਦੇ ਵਿਕਾਸ ਸਮੇਤ, ਇਸ ਵਿੱਚ ਭਾਗ ਲੈਣ ਦਾ ਅਤੇ ਮੁਫ਼ਤ ਢੁਕਵੀਂ ਜਨਤਕ ਸਿੱਖਿਆ ਅਤੇ ਸਾਰੇ ਉਪਲਬਧ ਵਿਕਲਪਿਕ ਪ੍ਰੋਗਰਾਮਾਂ, ਜਿਹਨਾਂ ਵਿੱਚ ਜਨਤਕ ਅਤੇ ਗੈਰ-ਜਨਤਰ ਪ੍ਰੋਗਰਾਮ ਸ਼ਾਮਲ ਹਨ, ਦੇ ਉਪਲਬਧ ਹੋਣ ਬਾਰੇ ਸੂਚਿਤ ਕੀਤੇ ਜਾਣ ਦਾ ਅਧਿਕਾਰ ਹੁੰਦਾ ਹੈ।

ਇਸ ਨੋਟਿਸ ਦੀ ਇੱਕ ਨਕਲ ਤੁਹਾਨੂੰ ਸਕੂਲ ਦੇ ਸਾਲ ਵਿੱਚ ਸਿਰਫ਼ ਇੱਕ ਵਾਰ ਦਿੱਤੀ ਜਾਵੇਗੀ; ਸਿਵਾਏ ਇਸਦੇ ਕਿ ਤੁਹਾਨੂੰ ਇੱਕ ਨਕਲ ਇਦੋਂ ਵੀ ਦਿੱਤੀ ਜਾਣੀ ਚਾਹੀਦੀ ਹੈ (1) ਸ਼ੁਰੂਆਤੀ ਹਵਾਲੇ ਜਾਂ ਮੁਲਾਂਕਣ ਲਈ ਤੁਹਾਡੀ ਬੇਨਤੀ ਤੇ; (2) ਤੁਹਾਡੇ ਬੱਚੇ ਦੇ ਮੁੜ-ਮੁਲਾਂਕਣ ਉੱਤੇ, (3)ਸਟੇਟ ਦੀ ਪਹਿਲੀ ਵਾਰ ਸ਼ਿਕਾਇਤ ਦਰਜ ਹੋਣ ਦੀ ਪ੍ਰਾਪਤੀ ਉੱਤੇ ਜਾਂ ਸਕੂਲ ਦੇ ਸਾਲ ਵਿੱਚ ਸ਼ਿਕਾਇਤ ਦੀ ਪ੍ਰਕਿਰਿਆ ਬਕਾਇਆ ਹੋਣ ਉੱਤੇ; (4) ਜਦੋਂ ਪਲੇਟਮੈਂਟ ਦੇ ਨੇਮ ਪਾਲਣ ਸਬੰਧੀ ਬਦਲਾਵ ਦਾ ਫੈਸਲਾ ਲਿਆ ਜਾਂਦਾ ਹੈ; ਜਾਂ (5) ਤੁਹਾਡੀ ਬੇਨਤੀ ਉੱਤੇ। ਤੁਹਾਡੇ ਕੋਲ ਇਸ ਸੂਚਨਾ ਨੂੰ ਆਪਣੀ ਪ੍ਰਮੁੱਖ/ਦੇਸ਼ੀ ਭਾਸ਼ਾ ਜਾਂ ਸੰਚਾਰ ਦੇ ਦੂਜੇ ਸਾਧਨ ਵਿੱਚ ਪ੍ਰਾਪਤ ਕਰਨ ਦਾ ਅਧਿਕਾਰ ਹੁੰਦਾ ਹੈ, ਜਦੋਂ ਤਕ ਅਜਿਹਾ ਕਰਨਾ ਸਪਸ਼ਟਤਾ ਨਾਲ ਹੋਣਯੋਗ ਨਹੀਂ ਹੁੰਦਾ। ਜੇ ਤੁਹਾਡੀ ਪ੍ਰਮੁੱਖ/ਦੇਸ਼ੀ ਭਾਸ਼ਾ ਜਾਂ ਸੰਚਾਰ ਦਾ ਦੂਜਾ ਸਾਧਨ ਇੱਕ ਲਿਖਤ ਭਾਸ਼ਾ ਨਹੀਂ ਹੈ ਤਾਂ ਇਸ ਨੋਟਿਸ ਦਾ ਅਨੁਵਾਦ ਤੁਹਾਡੇ ਲਈ ਮੂੰਹ-ਜ਼ਬਾਨੀ ਵੀ ਕੀਤਾ ਜਾ ਸਕਦਾ ਹੈ।

ਹੇਠਾਂ ਪਰਿਭਾਸ਼ਾਵਾਂ ਅਧਿਕਾਰਾਂ ਦੇ ਕਥਨ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨਗੀਆਂ। ਜੇ ਤੁਹਾਨੂੰ ਇਸ ਗਾਈਡ ਦੇ ਵਿਸ਼ਿਆਂ ਜਾਂ ਇਸਦੀ ਵਰਤੋਂ ਦੇ ਬਾਰੇ ਅੱਗੇ ਹੋਰ ਜਾਣਕਾਰੀ ਦੀ ਲੋੜ ਹੋਵੇ, ਤਾਂ ਤੁਸੀਂ ਆਪਣੇ ਰਿਹਾਇਸ਼ੀ ਸਕੂਲ ਦੇ ਜ਼ਿਲੇ ਦੇ ਸਪੈਸ਼ਲ ਏਜੂਕੇਸ਼ਨ ਡਾਈਰੈਕਟਰ ਨਾਲ ਸੰਪਰਕ ਕਰ ਸਕਦੇ ਹੋ, ਜਿਸਦਾ ਟੈਲੀਫ਼ੋਨ ਨੰਬਰ ਇਸ ਦਸਤਾਵੇਜ਼ ਦੇ ਆਖਰੀ ਪੰਨੇ ਉੱਤੇ ਹੈ।

*ਪਰਿਭਾਸ਼ਾਵਾਂ*

**<u>ਸਪੈਸ਼ਲ ਏਜੁਕੇਸ਼ਨ ਜਾਂ ਵਿਸ਼ੇਸ਼ ਸਿੱਖਿਆ</u>** ਦਾ ਮਤਲਬ ਹੈ ਕਿ ਮਾਤਾ-ਪਿਤਾ ਲਈ ਕਿਸੇ ਲਾਗਤ ਦੇ ਬਿਨਾਂ, ਅਯੋਗਤਾ ਵਾਲੇ ਕਿਸੇ ਬੱਚੇ ਦੀ ਅਦੁੱਤੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਖਾਸ ਤੌਰ 'ਤੇ ਤਿਆਰ ਕੀਤਾ ਨਿਰਦੇਸ਼, ਜਿਸ ਵਿੱਚ ਜਮਾਤ ਵਿੱਚ, ਘਰ ਵਿੱਚ, ਹਸਪਤਾਲਾਂ ਅਤੇ ਸੰਸਥਾਵਾਂ, ਅਤੇ ਦੂਜੇ ਵਾਤਾਵਰਣਾਂ ਵਿੱਚ ਸੰਚਾਲਿਤ ਨਿਰਦੇਸ਼, ਅਤੇ ਸਰੀਰਕ ਸਿੱਖਿਆ ਵਿੱਚ ਨਿਰਦੇਸ਼ ਸ਼ਾਮਲ ਹੈ।

**<u>ਰਿਲੇਟਿਡ ਸਰਵਿਸਿਜ਼ ਜਾਂ ਸਬੰਧਤ ਸੇਵਾਵਾਂ</u>** ਦਾ ਮਤਲਬ ਆਵਾਜਾਈ ਅਤੇ ਅਜਿਹੀਆਂ ਵਿਕਾਸ-ਸਬੰਧੀ, ਸੁਧਾਰਕ ਅਤੇ ਸਮਰਥਕ ਸੇਵਾਵਾਂ ਤੋਂ ਹੈ ਜੋ ਵਿਸ਼ੇਸ਼ ਸਿੱਖਿਆ ਤੋਂ ਲਾਭ ਲੈਣ ਲਈ ਅਯੋਗਤਾ ਵਾਲੇ ਕਿਸੇ ਬੱਚੇ ਦੀ ਮਦਦ ਕਰਨ ਲਈ ਲੋੜੀਂਦੀਆਂ ਹੋ ਸਕਦੀਆਂ ਹਨ, ਜਿਸ ਵਿੱਚ ਅਯੋਗ ਕਰਨ ਵਾਲੀਆਂ ਸਥਿਤੀਆਂ ਦੀ ਜਲਦ ਪਛਾਣ ਅਤੇ ਆਕਲਨ ਕਰਨਾ ਸ਼ਾਮਲ ਹੈ। ਸਬੰਧਤ ਸੇਵਾਵਾਂ ਵਿੱਚ ਸ਼ਾਮਲ ਹੋ ਸਕਦੀਆਂ ਹਨ:

1. ਸਪੀਚ-ਲੈਂਗਵੇਜ ਪੈਥੋਲੋਜੀ ਅਤੇ ਆਡੀਓਲੋਜੀ ਸੇਵਾਵਾਂ।
2. ਅਨੁਵਾਦ ਸੇਵਾਵਾਂ।
3. ਮਨੋਵਿਗਿਆਨਕ ਸੇਵਾਵਾਂ।
4. ਫੀਜ਼ੀਕਲ ਐਂਡ ਓਕੂਪੇਸ਼ਨਲ ਥੈਰੇਪੀ।
5. ਮਨੋਰੰਜਨ, ਚਿਕਿਤਸਕੀ ਮਨੋਰੰਜਨ ਸਮੇਤ।
6. ਸਲਾਹ-ਮਸ਼ਵਰਾ ਸੇਵਾਵਾਂ, ਪੁਨਰ-ਸਥਾਪਨਾ ਸਬੰਧੀ ਸਲਾਹ-ਮਸ਼ਵਰੇ ਸਮੇਤ।
7. ਜਾਣ-ਪਛਾਣ ਅਤੇ ਗਤੀਸ਼ੀਲਤਾ ਸੇਵਾਵਾਂ।
8. ਸਕੂਲ ਸਿਹਤ ਸੇਵਾਵਾਂ ਅਤੇ ਸਕੂਲ ਨਰਸ ਸੇਵਾਵਾਂ।
9. ਸਿਰਫ਼ ਨਿਦਾਨਕ ਜਾਂ ਮੁਲਾਂਕਣ ਉਦੇਸ਼ਾਂ ਲਈ ਮੈਡੀਕਲ ਸੇਵਾਵਾਂ।
10. ਸਮਾਜਕ ਕੰਮ ਸਬੰਧੀ ਸੇਵਾਵਾਂ।
11. ਮਾਤਾ-ਪਿਤਾ ਦੇ ਨਾਲ ਸਲਾਹ-ਮਸ਼ਵਰਾ ਅਤੇ ਸਿਖਲਾਈ।

***<u>ਅਯੋਗਤਾਵਾਂ ਵਾਲੇ ਬੱਚੇ</u>***: Individuals with Disabilities Education Act ("IDEA") "ਅਯੋਗਤਾਵਾਂ ਵਾਲੇ ਬੱਚਿਆਂ" ਨੂੰ ਬੌਧਿਕ ਅਯੋਗਤਾਵਾਂ ਵਾਲੇ ਬੱਚਿਆਂ, ਬੋਲ਼ੇਪਣ, ਬੋਲੀ ਜਾਂ ਭਾਸ਼ਾ ਦੇ ਵਿਗਾੜ ਸਮੇਤ ਸੁਣਨ-ਸਬੰਧੀ ਵਿਗਾੜ, ਅੰਨ੍ਹੇਪਣ ਸਮੇਤ ਦੇਖਣ ਸਬੰਧੀ ਵਿਗਾੜ, ਭਾਵਨਾਤਮਕ ਪਰੇਸ਼ਾਨੀ, ਹੱਡੀਆਂ ਜਾਂ ਮਾਂਸਪੇਸ਼ੀਆਂ ਦੇ ਵਿਗਾੜ, ਓਟੀਜ਼ਮ, ਸਦਮੇ ਸਬੰਧੀ ਦਿਮਾਗ਼ੀ ਸੱਟ, ਦੂਜੇ ਸਿਹਤ ਵਿਗਾੜਾਂ ਜਾਂ ਵਿਸ਼ਿਸ਼ਟ ਸਿੱਖਿਆ ਦੀਆਂ ਅਯੋਗਤਾਵਾਂ ਵਾਲੇ ਬੱਚਿਆਂ, ਅਤੇ ਜਿਹਨਾਂ ਨੂੰ ਇਸ ਕਾਰਨ ਤੋਂ, ਵਿਸ਼ੇਸ਼ ਸਿੱਖਿਆ ਅਤੇ ਸਬੰਧਤ ਸੇਵਾਵਾਂ ਦੀ ਲੋੜ ਹੁੰਦੀ ਹੈ, ਅਜਿਹੇ ਬੱਚਿਆਂ ਵਜੋਂ ਪਰਿਭਾਸ਼ਿਤ ਕਰਦਾ ਹੈ।

***<u>ਮੁਲੰਕਣ</u>***: ਏਜੂਕੇਸ਼ਨ ਕੋਡ ਦੇ ਸੈਕਸ਼ਨ 56320-56339 ਅਤੇ 20 U.S.C. ਸੈਕਸ਼ਨ 1414(a), (b) ਅਤੇ (c) ਦੇ ਮੁਤਾਬਕ ਭਿੰਨ-ਭਿੰਨ ਟੈਸਟਾਂ ਅਤੇ ਮਾਪਾਂ ਦੀ ਵਰਤੋਂ ਕਰਕੇ ਤੁਹਾਡੇ ਬੱਚੇ ਦਾ ਆਕਲਨ ਕੀਤਾ ਜਾਵੇਗਾ, ਇਹ ਨਿਰਧਾਰਨ ਕਰਨ ਲਈ ਕਿ ਕੀ ਤੁਹਾਡੇ ਬੱਚੇ ਨੂੰ ਕੋਈ ਅਯੋਗਤਾ ਹੈ ਅਤੇ ਤੁਹਾਡੇ ਬੱਚੇ/ਬੱਚੀ ਦੁਆਰਾ ਉਸਦੇ ਸਿੱਖਿਅਕ ਲਾਭ ਲਈ ਵਿਸ਼ੇਸ਼ ਅਤੇ ਸਬੰਧਤ ਸੇਵਾਵਾਂ ਦੀ ਕਿਸਮ ਅਤੇ ਦਾਇਰਾ ਕੀ ਹੈ। ਆਕਲਨ ਸਾਧਨ ਤੁਹਾਡੇ ਬੱਚੇ ਲਈ ਵਿਅਕਤੀਗਤ ਤੌਰ 'ਤੇ ਚੁਣੇ ਜਾਂਦੇ ਹਨ ਅਤੇ ਸਥਾਨਕ ਸਿੱਖਿਅਕ ਏਜੰਸੀ ਦੁਆਰਾ ਨਿਯੁਕਤ ਕੀਤੇ ਯੋਗ ਪੇਸ਼ੇਵਰਾਂ ਦੁਆਰਾ ਕੰਮ ਵਿੱਚ ਲਿਆਏ ਜਾਂਦੇ ਹਨ। ਜਾਂਚ ਅਤੇ ਮੁਲਾਂਕਣ ਸਬੰਧੀ ਸਮੱਗਰੀਆਂ ਚੁਣੀਆਂ ਅਤੇ ਕੰਮ ਵਿੱਚ ਲਿਆਈਆਂ ਜਾਣਗੀਆਂ, ਤਾਂ ਜੋ ਜਾਤੀਗਤ, ਸੱਭਿਆਚਾਰਕ, ਜਾਂ ਜਿਣਸੀ ਤੌਰ 'ਤੇ ਪੱਖਪਾਤੀ ਨਾ ਹੋਣ। ਸਮੱਗਰੀਆਂ ਜਾਂ ਕਾਰਜਵਿਧੀਆਂ ਤੁਹਾਡੇ ਬੱਚੇ ਦੀ ਦੇਸ਼ੀ ਭਾਸ਼ਾ ਜਾਂ ਸੰਚਾਰ ਦੇ ਸਾਧਨ ਵਿੱਚ ਪ੍ਰਦਾਨ ਕੀਤੀਆਂ ਅਤੇ ਵਰਤੋਂ ਵਿੱਚ ਲਿਆਈਆਂ ਜਾਣਗੀਆਂ, ਜਦੋਂ ਤਕ ਅਜਿਹਾ ਕਰਨਾ ਸਪਸ਼ਟਤਾ ਨਾਲ ਸੰਭਵ ਨਹੀਂ ਹੁੰਦਾ।

***Free Appropriate Public Education ("FAPE") (ਮੁਫ਼ਤ ਢੁੱਕਵੀਂ ਜਨਤਕ ਸਿੱਖਿਆ)***: ਅਜਿਹੀ ਸਿੱਖਿਆ ਜੋ: (1) ਜਨਤਾ ਦੇ ਖਰਚੇ ਤੇ, ਜਨਤਾ ਦੀ ਨਿਗਰਾਨੀ ਅਤੇ ਨਿਰਦੇਸ਼ ਅਧੀਨ, ਅਤੇ ਤੁਹਾਡੀ ਕਿਸੇ ਲਾਗਤ ਦੇ ਬਿਨਾਂ ਪ੍ਰਦਾਨ ਕੀਤੀ ਜਾਂਦੀ ਹੈ; (2) California Department of Education (ਕੈਲੀਫਾਰਨੀਆ ਸਿੱਖਿਆ ਵਿਭਾਗ) ਦੇ ਮਿਆਰ ਪੂਰੇ ਕਰਦੀ ਹੈ; ਅਤੇ (3) ਸਿੱਖਿਅਕ ਲਾਭ ਦੇਣ ਲਈ ਅਤੇ ਇੱਕ ਪ੍ਰੀਸਕੂਲ, ਐਲੀਮੈਂਟ੍ਰੀ ਜਾਂ ਸੈਕੰਡਰੀ ਸਕੂਲ ਪ੍ਰੋਗਰਾਮ ਵਿੱਚ ਲਾਗੂ ਕੀਤੇ ਜਾਣ ਲਈ ਤੁਹਾਡੇ ਬੱਚੇ ਵਾਸਤੇ ਵਿਕਸਿਤ ਵਿਅਕਤੀਗਤ ਤੌਰ 'ਤੇ ਤਿਆਰ ਕੀਤੇ ਲਿਖਤ ਸਿੱਖਿਆ ਪ੍ਰੋਗਰਾਮ ਦੇ ਅਨੁਸਾਰ ਪ੍ਰਦਾਨ ਕੀਤੀ ਜਾਂਦੀ ਹੈ।

***Individual Education Program ("IEP") (ਵਿਅਕਤੀਗਤ ਤੌਰ 'ਤੇ ਤਿਆਰ ਕੀਤਾ ਸਿੱਖਿਆ ਪ੍ਰੋਗਰਾਮ)***: ਤੁਹਾਡੇ ਬੱਚੇ ਦੀ IEP ਟੀਮ ਦੁਆਰਾ ਵਿਕਸਿਤ ਇੱਕ ਲਿਖਤ ਦਸਤਾਵੇਜ਼ ਜਿਸ ਵਿੱਚ ਘੱਟੋ-ਘੱਟ ਹੇਠ ਲਿਖਿਆ ਸਭ ਸ਼ਾਮਲ ਹੈ: (1) ਅਕਾਦਮੀ ਪ੍ਰਾਪਤੀ ਅਤੇ ਕਾਰਜਾਤਮਕ ਪ੍ਰਦਰਸ਼ਨ ਦੇ ਮੌਜੂਦਾ ਪੱਧਰ; (2) ਮਾਪਣ-ਯੋਗ ਸਾਲਾਨਾ ਟੀਚੇ; (3) ਬੱਚੇ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਵਿਸ਼ੇਸ਼ ਸਿੱਖਿਆ-ਸਬੰਧੀ ਅਤੇ ਸਬੰਧਤ ਸੇਵਾਵਾਂ ਅਤੇ ਪੂਰਕ ਸਹਾਇਕ ਸਾਧਨਾਂ ਅਤੇ ਸੇਵਾਵਾਂ ਦਾ ਇੱਕ ਬਿਆਨ, ਜੋ ਵਿਹਾਰਕ ਦਾਇਰੇ ਤਕ ਸਾਥੀ ਦੁਆਰਾ ਸਮੀਖਿਆ ਕੀਤੀ ਖੋਜ ਉੱਤੇ ਨਿਰਭਰ ਹੈ;

(4) ਉਸ ਦਾਅਰੇ ਦਾ ਵਰਣਨ ਜਿਸ ਵਿੱਚ ਬੱਚਾ ਸਾਧਾਰਨ ਸਿੱਖਿਆ ਪ੍ਰੋਗਰਾਮਾਂ ਵਿੱਚ ਸਿਹਤਮੰਦ ਬੱਚਿਆਂ ਦੇ ਨਾਲ ਭਾਗੀਦਾਰੀ ਨਹੀਂ ਕਰੇਗਾ; (5) IEP ਵਿੱਚ ਸ਼ਾਮਲ ਕੀਤੇ ਪ੍ਰੋਗਰਾਮਾਂ ਅਤੇ ਸੇਵਾਵਾਂ ਦੇ ਸ਼ੁਰੂ ਹੋਣ ਦੀ ਵਿਓਂਤੀ ਮਿਤੀ ਅਤੇ ਅਨੁਮਾਨਿਤ ਮਿਆਦ, ਵਾਰੰਵਾਰਤਾ ਅਤੇ ਸਥਾਨ; ਅਤੇ (6) ਢੁਕਵਾਂ ਵਾਸਤਵਿਕ ਮਾਨਦੰਡ, ਮੁਲਾਂਕਣ ਕਾਰਜਵਿਧੀਆਂ, ਅਤੇ ਘੱਟੋ-ਘੱਟ ਸਾਲਾਨਾ ਆਧਾਰ ਉੱਤੇ ਇਹ ਨਿਰਧਾਰਨ ਕਰਨ ਲਈ ਸਮਾਂ-ਸੂਚੀਆਂ ਕਿ ਬੱਚਾ ਜਾਂ ਬੱਚੀ ਆਪਣੇ ਟੀਚੇ ਪੂਰੇ ਕਰ ਰਿਹਾ ਜਾਂ ਰਹੀ ਹੈ, ਜਾਂ ਨਹੀਂ।

***Least Restrictive Environment ("LRE") (ਘੱਟੋ-ਘੱਟ ਪ੍ਰਤੀਬੰਧਕ ਵਾਤਾਵਰਣ)***: ਵਧ ਤੋਂ ਵਧ ਢੁਕਵੇਂ ਦਾਇਰੇ ਤਕ, ਅਯੋਗਤਾਵਾਂ ਵਾਲੇ ਬੱਚਿਆਂ ਨੂੰ ਸਿਹਤਮੰਦ ਬੱਚਿਆਂ ਦੇ ਨਾਲ ਸਿੱਖਿਆ ਦਿੱਤੀ ਜਾਵੇਗੀ, ਅਤੇ ਵਿਸੇਸ਼ ਕਲਾਸਾਂ, ਵੱਖਰਾ ਸਕੂਲ, ਜਾਂ ਅਯੋਗਤਾਵਾਂ ਵਾਲੇ ਬੱਚਿਆਂ ਨੂੰ ਸਾਧਾਰਨ ਸਿੱਖਿਆ ਪ੍ਰੋਗਰਾਮ ਵਿੱਚੋਂ ਕਿਸੇ ਹੋਰ ਤਰ੍ਹਾਂ ਬਾਹਰ ਕਰਨਾ, ਇਹ ਸਭ ਸਿਰਫ਼ ਤਾਂ ਹੋਵੇਗਾ ਜਦੋਂ ਅਯੋਗਤਾ ਦੀ ਕਿਸਮ ਜਾਂ ਗੰਭੀਰਤਾ ਅਜਿਹੀ ਹੈ ਕਿ ਪੂਰਕ ਸਹਾਇਕ ਸਾਧਨਾਂ ਅਤੇ ਸੇਵਾਵਾਂ ਨੂੰ ਵਰਤ ਕੇ ਨਿਯਮਿਤ ਕਲਾਸਾਂ ਵਿੱਚ ਸਿੱਖਿਆ ਸੰਤੋਖਜਨਕ ਢੰਗ ਨਾਲ ਹਾਸਲ ਨਹੀਂ ਕੀਤੀ ਜਾ ਸਕਦੀ।

***Local Educational Agency ("LEA") (ਸਥਾਨਕ ਸਿੱਖਿਆ-ਸਬੰਧੀ ਏਜੰਸੀ)***: ਇਹ ਸ਼ਬਦ ਇੱਕ ਸਕੂਲ ਜ਼ਿਲੇ, County Office of Education ("COE"), ਇੱਕ Special Education Local Plan Area ("SELPA"), ਜਾਂ SELPA ਦੇ ਇੱਕ ਸਦੱਸ ਵਜੋਂ ਭਾਗ ਲੈ ਰਹੇ ਇੱਕ ਚਾਰਟਰ ਸਕੂਲ ਨੂੰ ਸ਼ਾਮਲ ਕਰਦਾ ਹੈ।

***ਬਹੁਮਤ ਅਧਿਕਾਰਾਂ ਦੀ ਸੂਚਨਾ***: ਜਦੋਂ ਤੁਹਾਡਾ ਬੱਚਾ ਅਠਾਰ੍ਹਾਂ ਸਾਲ ਦਾ ਹੁੰਦਾ ਹੈ ਤਾਂ ਉਸ ਕੋਲ ਆਪਣੇ ਸਿੱਖਿਆ-ਸਬੰਧੀ ਪ੍ਰੋਗਰਾਮ ਬਾਰੇ ਸਾਰੀ ਜਾਣਕਾਰੀ ਪ੍ਰਾਪਤ ਕਰਨ ਅਤੇ ਸਾਰੇ ਫੈਸਲੇ ਲੈਣ ਦਾ ਅਧਿਕਾਰ ਹੁੰਦਾ ਹੈ ਜਦੋਂ ਤਕ ਪ੍ਰਦੇਸ਼ ਦੇ ਕਾਨੂੰਨ ਅਤੇ ਕਾਰਜਵਿਧੀਆਂ ਦੁਆਰਾ ਅਯੋਗ ਨਿਰਧਾਰਤ ਨਹੀਂ ਕੀਤਾ ਜਾਂਦਾ ਹੈ। ਕੈਲੀਫਾਰਨੀਆ ਪ੍ਰਦੇਸ਼ ਦੇ ਕਾਨੂੰਨਾਂ ਤਹਿਤ ਗੈਰ-ਰੱਖਿਅਤ ਬਾਲਗ਼ਾਂ ਨੂੰ ਯੋਗ ਹੋਣਾ ਮੰਨਿਆ ਜਾਂਦਾ ਹੈ।

***ਮਾਤਾ-ਪਿਤਾ:*** ਮਾਤਾ-ਪਿਤਾ ਦੀ ਪਰਿਭਾਸ਼ਾ ਵਿੱਚ ਸ਼ਾਮਲ ਹਨ: (1) ਜਿਸ ਵਿਅਕਤੀ ਕੋਲ ਬੱਚੇ ਦੀ ਕਾਨੂੰਨੀ ਸਪੁਰਦਗੀ ਹੈ; (2) ਇੱਕ ਬਾਲਗ਼ ਵਿਦਿਆਰਥੀ ਜਿਸ ਲਈ ਕੋਈ ਗਾਰਡੀਅਨ ਜਾਂ ਰੱਖਿਅਕ ਨਿਯੁਕਤ ਨਹੀਂ ਕੀਤਾ ਗਿਆ ਹੈ; (3) ਵਾਸਤਵਿਕ ਜਾਂ ਗੋਦ ਲੈਣ ਵਾਲੇ ਮਾਤਾ-ਪਿਤਾ ਵਜੋਂ ਪੇਸ਼ ਆ ਰਿਹਾ ਵਿਅਕਤੀ ਜਿਸ ਵਿੱਚ ਦਾਦਾ/ਦਾਦੀ/ਨਾਨਾ/ਨਾਨੀ, ਮਤਰੇਏ ਮਾਤਾ-ਪਿਤਾ, ਜਾਂ ਦੂਜਾ ਰਿਸ਼ਤੇਦਾਰ ਸ਼ਾਮਲ ਹੈ ਜਿਸਦੇ ਨਾਲ ਬੱਚਾ ਰਹਿੰਦਾ ਹੈ; (4) ਮਾਤਾ-ਪਿਤਾ ਵਜੋਂ ਸਰੋਗੇਟ; ਅਤੇ (5) ਮਤਰੇਈ ਦੇਖਭਾਲ ਕਰਨ ਵਾਲੇ ਮਾਤਾ-ਪਿਤਾ, ਜੇ ਬੱਚੇ ਦੀ ਖਾਤਿਰ ਸਿੱਖਿਆ-ਸਬੰਧੀ ਫੈਸਲੇ ਲੈਣ ਲਈ ਵਾਸਤਵਿਕ ਮਾਤਾ-ਪਿਤਾ ਦੇ ਅਧਿਕਾਰ ਨੂੰ ਅਦਾਲਤ ਦੇ ਆਦੇਸ਼ ਦੁਆਰਾ ਸੀਮਿਤ ਕੀਤਾ ਗਿਆ ਹੈ।

***ਮੈਂ ਸਿੱਖਿਆ-ਸਬੰਧੀ ਰਿਕਾਰਡਾਂ ਦੀ ਵਰਤੋਂ ਕਦੋਂ ਕਰ ਸਕਦਾ/ਸਕਦੀ ਹਾਂ ਅਤੇ ਮੈਂ ਇਹ ਕਿਵੇਂ ਕਰ ਸਕਦਾ/ਸਕਦੀ ਹਾਂ?***

ਕੈਲੀਫਾਰਨੀਆ ਪਬਲਿਕ ਸਕੂਲ ਵਿੱਚ ਭਰਤੀ ਬੱਚਿਆਂ ਦੇ ਸਾਰੇ ਮਾਤਾ-ਪਿਤਾ ਜਾਂ ਗਾਰਡੀਅਨਾਂ ਕੋਲ Family Educational Rights and Privacy Act ("FERPA") ਅਤੇ California Education Code ਦੇ ਤਹਿਤ ਰਿਕਾਰਡਾਂ ਦੀ ਛਾਣਬੀਣ ਕਰਨ ਦਾ ਅਧਿਕਾਰ ਹੁੰਦਾ ਹੈ।

ਸਿੱਖਿਆ-ਸਬੰਧੀ ਰਿਕਾਰਡ ਉਹ ਹੁੰਦੇ ਹਨ ਜੋ ਸਿੱਧਾ ਤੁਹਾਡੇ ਬੱਚੇ ਨਾਲ ਜੁੜੇ ਹਨ ਅਤੇ ਸਕੂਲ ਜ਼ਿਲੇ, ਏਜੰਸੀ, ਜਾਂ ਅਜਿਹੀ ਸੰਸਥਾ ਦੁਆਰਾ ਰੱਖੇ ਜਾਂਦੇ ਹਨ ਜੋ ਨਿੱਜੀ ਤੌਰ 'ਤੇ ਪਛਾਣਯੋਗ ਜਾਣਕਾਰੀ ਨੂੰ ਇਕੱਤਰ ਕਰਦੀ, ਕਾਇਮ ਰੱਖਦੀ, ਜਾਂ ਵਰਤਦੀ ਹੈ, ਜਾਂ ਜਿਸ ਤੋਂ ਅਜਿਹੀ ਜਾਣਕਾਰੀ ਹਾਸਲ ਕੀਤੀ ਜਾਂਦੀ ਹੈ। ਦੋਵੇਂ ਸੰਘੀ ਅਤੇ ਪ੍ਰਦੇਸ਼ ਦੇ ਕਾਨੂੰਨ ਇੱਕ ਸਿੱਖਿਆ-ਸਬੰਧੀ ਰਿਕਾਰਡ ਨੂੰ ਅੱਗੇ ਨਿਰਦੇਸ਼ਾਤਮਕ ਜਾਣਕਾਰੀ ਤੋਂ ਇਲਾਵਾ, ਇੱਕ ਪਛਾਣ-ਯੋਗ ਵਿਦਿਆਰਥੀ ਨਾਲ ਸਿੱਧੇ ਤੌਰ ਤੇ ਜੁੜੀ ਜਾਣਕਾਰੀ ਦੇ ਇੱਕ ਭਾਗ ਵਜੋਂ ਪਰਿਭਾਸ਼ਿਤ ਕਰਦੇ ਹਨ ਜੋ ਸਕੂਲ ਦੀ LEA ਦੁਆਰਾ ਬਰਕਰਾਰ ਰੱਖੀ ਜਾਂਦੀ ਹੈ, ਜਾਂ ਕਰਮਚਾਰੀ ਦੁਆਰਾ ਉਸਦੇ ਫਰਜ਼ ਪੂਰੇ ਕਰਨ ਲਈ ਬਰਕਰਾਰ ਰੱਖਣ ਦੀ ਲੋੜ ਹੁੰਦੀ ਹੈ ਭਾਵੇਂ ਹੱਥ ਲਿਖਾਈ ਵਿੱਚ, ਪ੍ਰਿੰਟ, ਟੇਪਾਂ, ਫਿਲਮ, ਮਾਈਕ੍ਰੋਫਿਲਮ, ਕੰਪਿਊਟਰ ਦੁਆਰਾ, ਜਾਂ ਦੂਜੇ ਸਾਧਨਾਂ ਦੁਆਰਾ ਰਿਕਾਰਡ ਕੀਤੀ ਜਾਵੇ। ਸਿੱਖਿਆ-ਸਬੰਧੀ ਰਿਕਾਰਡ ਸਕੂਲ ਦੇ ਕਰਮਚਾਰੀ ਦੁਆਰਾ ਆਪਣੀ ਖੁਦ ਦੀ ਵਰਤੋਂ ਲਈ ਜਾਂ ਕਿਸੇ ਪ੍ਰਤੀਸਥਾਪੀ ਦੀ ਵਰਤੋਂ ਲਈ ਤਿਆਰ ਕੀਤੇ ਅਤੇ ਰੱਖੇ ਗਏ ਗੈਰ-ਰਸਮੀ ਨਿੱਜੀ ਨੋਟਸ ਨੂੰ ਸ਼ਾਮਲ ਨਹੀਂ ਕਰਦੇ ਹਨ। ਜੇ ਰਿਕਾਰਡਾਂ ਵਿੱਚ ਇੱਕ ਤੋਂ ਜ਼ਿਆਦਾ ਬੱਚੇ ਬਾਰੇ ਜਾਣਕਾਰੀ ਸ਼ਾਮਲ ਹੁੰਦੀ ਹੈ, ਤਾਂ ਤੁਹਾਡੇ ਕੋਲ ਸਿਰਫ਼ ਤੁਹਾਡੇ ਬੱਚੇ ਨਾਲ ਜੁੜੇ ਰਿਕਾਰਡ ਦੇ ਉਸ ਭਾਗ ਤਕ ਹੀ ਪਹੁੰਚ ਹੁੰਦੀ ਹੈ।

ਨਿੱਜੀ ਤੌਰ 'ਤੇ ਪਛਾਣਯੋਗ ਜਾਣਕਾਰੀ ਵਿੱਚ ਸ਼ਾਮਲ ਹੋ ਸਕਦੀ ਹੈ: (1) ਬੱਚੇ, ਬੱਚੇ ਦਾ ਮਾਤਾ-ਪਿਤਾ ਜਾਂ ਪਰਿਵਾਰ ਦੇ ਦੂਜੇ ਸਦੱਸ ਦਾ ਨਾਂ; (2) ਬੱਚੇ ਦਾ ਪਤਾ; (3) ਇੱਕ ਨਿੱਜੀ ਪਛਾਣਕਰਤਾ ਜਿਵੇਂ ਕਿ ਬੱਚੇ ਦਾ ਸੋਸ਼ਲ ਸਕਿਓਰਿਟੀ ਨੰਬਰ, ਵਿਦਿਆਰਥੀ ਨੰਬਰ, ਜਾਂ ਕੋਰਟ ਫਾਈਲ ਦਾ ਨੰਬਰ; (4) ਨਿੱਜੀ ਵਿਸ਼ੇਸ਼ਤਾਵਾਂ ਦੀ ਇੱਕ ਸੂਚੀ ਜਾਂ ਹੋਰ ਜਾਣਕਾਰੀ ਜੋ ਵਾਜਬ ਨਿਸ਼ਚਿਤਤਾ ਦੇ ਨਾਲ ਬੱਚੇ ਦੀ ਪਛਾਣ ਕਰਨਾ ਸੰਭਵ ਬਣਾਏਗੀ।

ਇਸਦੇ ਅਤਿਰਿਕਤ, ਅਯੋਗਤਾਵਾਂ ਵਾਲੇ ਕਿਸੇ ਬੱਚੇ ਦੇ ਮਾਤਾ-ਪਿਤਾ ਕੋਲ ਅਧਿਕਾਰ ਹੁੰਦਾ ਹੈ: (1) ਬੱਚੇ ਦੀ ਪਛਾਣ, ਮੁਲਾਂਕਣ, ਅਤੇ ਸਿੱਖਿਅਕ ਪਲੇਸਮੈਂਟ ਬਾਰੇ ਸਾਰੇ ਸਿੱਖਿਆ-ਸਬੰਧੀ ਰਿਕਾਰਡਾਂ ਦੀ ਅਤੇ ਬੱਚੇ ਲਈ ਇੱਕ FAPE ਦੀ ਵਿਵਸਥਾ ਦੀ ਛਾਣਬੀਣ ਅਤੇ ਸਮੀਖਿਆ ਕਰਨਾ; ਅਤੇ (2) ਰਿਕਾਰਡਾਂ ਦੇ ਵਰਣਨ ਅਤੇ ਅਨੁਵਾਦਾਂ ਲਈ ਮੁਨਾਸਬ ਬੇਨਤੀਆਂ ਪ੍ਰਤੀ LEA ਵਲੋਂ ਇੱਕ ਪ੍ਰਤੀਕਿਰਿਆ ਪ੍ਰਾਪਤ ਕਰਨਾ। ਮਾਤਾ-ਪਿਤਾ ਕੋਲ ਇਹ ਅਧਿਕਾਰ ਵੀ ਹੈ ਕਿ FERPA ਦੀਆਂ ਜ਼ਰੂਰਤਾਂ ਦੇ ਅਧੀਨ, ਆਪਣੇ ਨੁਮਾਇੰਦੇ ਤੋਂ ਬੱਚੇ ਦੇ ਰਿਕਾਰਡਾਂ ਦੀ ਛਾਣਬੀਣ ਅਤੇ ਸਮੀਖਿਆ ਕਰਾਉਣ। LEA ਇਹ ਫਰਜ਼ ਕਰ ਸਕਦੀ ਹੈ ਕਿ ਮਾਤਾ-ਪਿਤਾ ਕੋਲ ਆਪਣੇ ਬੱਚੇ ਨਾਲ ਸਬੰਧਤ ਰਿਕਾਰਡਾਂ ਦੀ ਛਾਣਬੀਣ ਅਤੇ ਸਮੀਖਿਆ ਕਰਨ ਦਾ ਅਧਿਕਾਰ ਹੁੰਦਾ ਹੈ ਜਦੋਂ ਤਕ LEA ਨੂੰ ਇਹ ਦੱਸਿਆ ਨਹੀਂ ਜਾਂਦਾ ਕਿ ਮਾਤਾ-ਪਿਤਾ ਕੋਲ ਗਾਰਡੀਅਨਸ਼ਿਪ, ਪਤੀ-ਪਤਨੀ ਦੇ ਵੱਖਰੇ ਹੋਣ, ਅਤੇ ਤਲਾਕ ਜਿਹੇ ਮਸਲਿਆਂ ਦਾ ਨਿਯੰਤ੍ਰਣ ਕਰ ਰਹੇ ਲਾਗੂ ਪ੍ਰਦੇਸ਼ ਦੇ ਕਾਨੂੰਨਾਂ ਤਹਿਤ ਇਹ ਕਰਨ ਦਾ ਅਧਿਕਾਰ ਨਹੀਂ ਹੈ। ਇਹ ਅਧਿਕਾਰ ਇੱਕ ਗੈਰ-ਰੱਖਿਅਤ ਵਿਦਿਆਰਥੀ ਕੋਲ ਜਾਂਦੇ ਹਨ ਜੋ ਅਠਾਰ੍ਹਾਂ ਸਾਲ ਦਾ ਹੈ ਜਾਂ ਪੋਸਟ-ਸੈਕੰਡਰੀ ਸਿੱਖਿਆ ਸੰਸਥਾ 'ਤੇ ਜਾ ਰਿਹਾ ਹੈ।

ਸਕੂਲ ਦੀ ਹਰ ਸਾਈਟ 'ਤੇ ਰਿਕਾਰਡਾਂ ਦਾ ਨਿਗਰਾਨ ਸਕੂਲ ਦਾ ਮੁੱਖ-ਅਧਿਆਪਕ ਹੋਵੇਗਾ। ਸਕੂਲ ਜ਼ਿਲੇ ਲਈ ਰਿਕਾਰਡਾਂ ਦਾ ਨਿਗਰਾਨ ਇਸ ਦਸਤਾਵੇਜ਼ ਦੇ ਆਖਰੀ ਪੰਨੇ ਉੱਤੇ ਸੂਚੀਬੱਧ ਹੈ। ਸਿੱਖਿਆ-ਸਬੰਧੀ ਰਿਕਾਰਡ ਸਕੂਲ ਦੀ ਸਾਈਟ ਜਾਂ ਜ਼ਿਲਾ ਦਫਤਰ ਵਿਖੇ ਰੱਖੇ ਜਾ ਸਕਦੇ ਹਨ, ਪਰ ਕਿਸੇ ਵੀ ਸਾਈਟ 'ਤੇ ਰਿਕਾਰਡਾਂ ਲਈ ਇੱਕ ਲਿਖਤੀ ਬੇਨਤੀ ਸਾਰੀਆਂ ਸਾਈਟਾਂ ਤੋਂ ਰਿਕਾਰਡਾਂ ਲਈ ਇੱਕ ਬੇਨਤੀ ਵਜੋਂ ਮੰਨੀ ਜਾਵੇਗੀ। ਰਿਕਾਰਡਾਂ ਦਾ ਨਿਰਗਾਨ ਤੁਹਾਨੂੰ ਵਿਦਿਆਰਥੀ ਦੇ ਰਿਕਾਰਡਾਂ ਦੀਆਂ ਕਿਸਮਾਂ ਅਤੇ ਸਥਾਨਾਂ ਦੀ ਇੱਕ ਸੂਚੀ ਪ੍ਰਦਾਨ ਕਰੇਗਾ। ਕਿਸੇ ਵਿਦਿਆਰਥੀ ਦੁਆਰਾ ਪ੍ਰੋਗਰਾਮ ਤੋਂ ਬਾਹਰ ਨਿਕਲਣ ਦੇ ਤਿੰਨ ਸਾਲ ਬਾਅਦ, ਵਿਸ਼ੇਸ਼ ਸਿੱਖਿਆ ਦੇ ਰਿਕਾਰਡ ਨਸ਼ਟ ਕੀਤੇ ਜਾਣਗੇ।

ਹਰ LEA ਨੂੰ ਇਕੱਤਰ, ਸਟੋਰ, ਖੁਲਾਸਾ ਅਤੇ ਨਾਸ਼ ਕਰਨ ਦੇ ਪੜਾਵਾਂ 'ਤੇ ਨਿੱਜੀ ਤੌਰ 'ਤੇ ਪਛਾਣਯੋਗ ਜਾਣਕਾਰੀ ਦੀ ਗੁਪਤਤਾ ਦੀ ਰੱਖਿਆ ਜ਼ਰੂਰ ਕਰਨੀ ਚਾਹੀਦੀ ਹੈ। ਹਰ LEA ਵਿਖੇ ਇੱਕ ਅਧਿਕਾਰੀ ਨੂੰ ਕਿਸੇ ਵੀ ਨਿੱਜੀ ਤੌਰ 'ਤੇ ਪਛਾਣਯੋਗ ਜਾਣਕਾਰੀ ਦੀ ਗੁਪਤਤਾ ਨੂੰ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਜ਼ਰੂਰ ਧਾਰਣੀ ਚਾਹੀਦੀ ਹੈ। ਨਿੱਜੀ ਤੌਰ 'ਤੇ ਪਛਾਣਯੋਗ ਜਾਣਕਾਰੀ ਨੂੰ ਇਕੱਤਰ ਕਰ ਰਹੇ ਜਾਂ ਵਰਤ ਰਹੇ ਸਾਰੇ ਵਿਅਕਤੀਆਂ ਨੂੰ IDEA ਅਤੇ FERPA ਦੇ ਤਹਿਤ ਪ੍ਰਦੇਸ਼ ਦੀਆਂ ਨੀਤੀਆਂ ਅਤੇ ਕਾਰਜਵਿਧੀਆਂ ਬਾਰੇ ਸਿਖਲਾਈ ਜਾਂ ਹਿਦਾਇਤ ਜ਼ਰੂਰ ਪ੍ਰਾਪਤ

ਕਰਨੀ ਚਾਹੀਦੀ ਹੈ। ਹਰ LEA ਨੂੰ, ਜਨਤਕ ਨਿਰੀਖਣ ਲਈ, ਇਹਨਾਂ ਕਰਮਚਾਰੀਆਂ ਦੇ ਨਾਂ ਅਤੇ ਅਹੁਦਿਆਂ ਦੀ ਇੱਕ ਵਰਤਮਾਨ ਸੂਚੀ ਜ਼ਰੂਰ ਬਣਾਉਣੀ ਚਾਹੀਦੀ ਹੈ, ਜਿਹਨਾਂ ਦੀ ਨਿੱਜੀ ਤੌਰ 'ਤੇ ਪਛਾਣਯੋਗ ਜਾਣਕਾਰੀ ਤਕ ਪਹੁੰਚ ਹੋ ਸਕਦੀ ਹੈ।

ਰਿਕਾਰਡਾਂ ਦਾ ਨਿਗਰਾਨ ਤੁਹਾਡੇ ਬੱਚੇ ਦੇ ਸਿੱਖਿਆ-ਸਬੰਧੀ ਰਿਕਾਰਡਾਂ ਤਕ ਪਹੁੰਚ ਨੂੰ ਅਜਿਹੇ ਵਿਅਕਤੀਆਂ ਤਕ ਸੀਮਿਤ ਕਰੇਗਾ ਜਿਹਨਾਂ ਕੋਲ ਸਿੱਖਿਅਕ ਰਿਕਾਰਡ ਦੀ ਸਮੀਖਿਆ ਕਰਨ ਲਈ ਅਧਿਕਾਰ ਹੁੰਦਾ ਹੈ, ਜਿਸ ਵਿੱਚ ਤੁਸੀਂ, ਤੁਹਾਡਾ ਬੱਚਾ ਜੋ ਘੱਟੋ-ਘੱਟ ਸੋਲ੍ਹਾਂ ਸਾਲ ਦਾ ਹੈ ਜਾਂ ਜਿਸਨੇ 10ਵੀਂ ਜਮਾਤ ਪੂਰੀ ਕਰ ਲਈ ਹੈ, ਵਿਅਕਤੀ ਜਿਹਨਾਂ ਨੂੰ ਤੁਸੀਂ ਰਿਕਾਰਡਾਂ ਦੀ ਛਾਣਬੀਣ ਕਰਨ ਦਾ ਅਧਿਕਾਰ ਦਿੱਤਾ ਹੈ, ਸਕੂਲ ਦੇ ਕਰਮਚਾਰੀ ਜਿਹਨਾਂ ਦਾ ਰਿਕਾਰਡਾਂ ਵਿੱਚ ਜਾਇਜ਼ ਸਿੱਖਿਅਕ ਹਿਤ ਹੈ, ਤੁਹਾਡੇ ਬੱਚੇ ਦੁਆਰਾ ਨਿਯੁਕਤ ਪੋਸਟ-ਸੈਕੰਡਰੀ ਸੰਸਥਾਵਾਂ, ਅਤੇ ਸੰਘੀ, ਪ੍ਰਦੇਸ਼ੀ, ਅਤੇ ਸਥਾਨਕ ਸਿੱਖਿਆ ਏਜੰਸੀਆਂ ਦੇ ਕਰਮਚਾਰੀ ਸ਼ਾਮਲ ਹਨ। ਬਾਕੀ ਸਾਰੀਆਂ ਮਿਸਾਲਾਂ ਵਿੱਚ, ਪਹੁੰਚ ਰੋਕੀ ਜਾਵੇਗੀ ਜਦੋਂ ਤਕ ਤੁਸੀਂ ਰਿਕਾਰਡਾਂ ਨੂੰ ਜਾਰੀ ਕਰਨ ਲਈ ਲਿਖਤ ਸਹਿਮਤੀ ਨਹੀਂ ਦੇ ਦਿੰਦੇ ਜਾਂ ਰਿਕਾਰਡਾਂ ਨੂੰ ਅਦਾਲਤ ਦੇ ਆਦੇਸ਼ ਜਾਂ ਦੂਜੇ ਲਾਗੂ ਕਾਨੂੰਨ ਅਨੁਸਾਰ ਜਾਰੀ ਕੀਤਾ ਜਾਂਦਾ ਹੈ। LEA ਨੂੰ ਇੱਕ ਲੌਗ ਬਣਾ ਕੇ ਰੱਖਣਾ ਚਾਹੀਦਾ ਹੈ ਜੋ ਸਕੂਲ ਜ਼ਿਲੇ ਦੇ ਕਰਮਚਾਰੀਆਂ ਅਤੇ ਮਾਤਾ-ਪਿਤਾ ਤੋਂ ਇਲਾਵਾ ਦੂਜੇ ਵਿਅਕਤੀਆਂ ਦੁਆਰਾ ਪਹੁੰਚ ਲਈ ਸਮੇਂ, ਨਾਂ ਅਤੇ ਉਦੇਸ਼ ਨੂੰ ਦਰਸਾਉਂਦਾ ਹੈ।

IDEA ਦੀ ਜ਼ਰੂਰਤ ਨੂੰ ਪੂਰਾ ਕਰਨ ਦੇ ਉਦੇਸ਼ਾਂ ਲਈ ਭਾਗ ਲੈ ਰਹੀਆਂ ਏਜੰਸੀਆਂ ਦੇ ਅਧਿਕਾਰੀਆਂ ਲਈ ਨਿੱਜੀ ਤੌਰ 'ਤੇ ਪਛਾਣ-ਯੋਗ ਜਾਣਕਾਰੀ ਨੂੰ ਜਾਰੀ ਕਰਨ ਤੋਂ ਪਹਿਲਾਂ ਮਾਤਾ-ਪਿਤਾ ਦੀ ਸਹਿਮਤੀ ਦੀ ਲੋੜ ਨਹੀਂ ਹੁੰਦੀ, ਜਦੋਂ ਤਕ ਹੇਠ ਲਿਖੇ ਹਾਲਾਤਾਂ ਦੇ ਤਹਿਤ ਨਾ ਹੋਵੇ: (1) ਬਦਲੀ ਸੇਵਾਵਾਂ ਪ੍ਰਦਾਨ ਜਾਂ ਇਹਨਾਂ ਲਈ ਭੁਗਤਾਨ ਕਰ ਰਹੀਆਂ ਭਾਗ ਲੈਣ ਵਾਲੀਆਂ ਏਜੰਸੀਆਂ ਦੇ ਅਧਿਕਾਰੀਆਂ ਨੂੰ ਪਛਾਣ-ਯੋਗ ਜਾਣਕਾਰੀ ਜਾਰੀ ਕਰਨ ਤੋਂ ਪਹਿਲਾਂ; ਅਤੇ (2) ਜੇ ਬੱਚਾ ਇੱਕ ਪ੍ਰਾਈਵੇਟ ਸਕੂਲ ਵਿੱਚ ਹੈ, ਜਾਂ ਜਾਣ ਵਾਲਾ ਹੈ ਜੋ ਮਾਤਾ-ਪਿਤਾ ਦੇ ਰਿਹਾਇਸ਼ੀ ਸਥਾਨ ਵਾਲੇ ਸਮਾਨ ਸਕੂਲ ਦੇ ਜ਼ਿਲੇ ਵਿੱਚ ਸਥਿਤ ਨਹੀਂ ਹੈ, ਤਾਂ ਮਾਤਾ-ਪਿਤਾ ਦੀ ਸਹਿਮਤੀ ਹਾਸਲ ਕਰਨਾ ਲਾਜ਼ਮੀ ਹੈ ਇਸ ਤੋਂ ਪਹਿਲਾਂ ਕਿ ਬੱਚੇ ਬਾਰੇ ਕੋਈ ਵੀ ਨਿੱਜੀ ਤੌਰ 'ਤੇ ਪਛਾਣਯੋਗ ਜਾਣਕਾਰੀ ਨੂੰ ਪ੍ਰਾਈਵੇਟ ਸਕੂਲ ਦੀ ਸਥਿਤੀ ਵਾਲੇ ਸਕੂਲ ਦੇ ਜ਼ਿਲੇ ਵਿੱਚਲੇ ਅਧਿਕਾਰੀਆਂ ਅਤੇ ਮਾਤਾ-ਪਿਤਾ ਦੀ ਰਿਹਾਇਸ਼ ਵਾਲੇ ਸਕੂਲ ਜ਼ਿਲੇ ਵਿੱਚਲੇ ਅਧਿਕਾਰੀਆਂ ਦੇ ਵਿਚਕਾਰ ਜਾਰੀ ਕੀਤਾ ਜਾਵੇ।

ਬੇਨਤੀ ਕਰਨ ਦੇ ਪੰਜ (5) ਕਾਰੋਬਾਰੀ ਦਿਨਾਂ ਤੋਂ ਬਾਅਦ ਸਿੱਖਿਆ-ਸਬੰਧੀ ਰਿਕਾਰਡਾਂ ਦੀ ਸਮੀਖਿਆ ਅਤੇ/ਜਾਂ ਨਕਲਾਂ ਪ੍ਰਦਾਨ ਕੀਤੀਆਂ ਜਾਣਗੀਆਂ। LEA ਦੁਆਰਾ ਪਾਲਿਸੀ ਨਕਲਾਂ ਲਈ ਫੀਸ ਤੈਅ ਕੀਤੀ ਜਾਂਦੀ ਹੈ, ਨਾ ਕਿ ਖੋਜ ਅਤੇ ਮੁੜ-ਪ੍ਰਾਪਤ ਕਰਨ ਦੀ ਲਾਗਤ, ਅਤੇ ਇਹ ਵਸੂਲੀ ਜਾਵੇਗੀ, ਜਦੋਂ ਤਕ ਫੀਸ ਵਸੂਲਣਾ ਤੁਹਾਡੇ ਬੱਚੇ ਦੇ ਸਿੱਖਿਆ-ਸਬੰਧੀ ਰਿਕਾਰਡਾਂ ਤਕ ਤੁਹਾਡੀ ਪਹੁੰਚ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਰੋਕਦਾ ਹੈ। ਇੱਕ ਵਾਰ ਰਿਕਾਰਡਾਂ ਦੀ ਪੂਰਨ ਨਕਲ ਪ੍ਰਦਾਨ ਕਰ ਦਿੱਤੀ ਗਈ ਹੈ, ਤਾਂ ਸਮਾਨ ਰਿਕਾਰਡਾਂ ਦੀਆਂ ਵਾਧੂ ਨਕਲਾਂ ਲਈ ਫੀਸ ਲਗਾਈ ਜਾਵੇਗੀ।

ਜੇ ਤੁਹਾਡਾ ਮੰਨ੍ਹਣਾ ਹੈ ਕਿ LEA ਦੁਆਰਾ ਸਿੱਖਿਆ-ਸਬੰਧੀ ਰਿਕਾਰਡਾਂ ਵਿੱਚ ਇਕੱਤਰ ਕੀਤੀ, ਬਰਕਰਾਰ ਰੱਖੀ ਜਾਂ ਵਰਤੀ ਗਈ ਜਾਣਕਾਰੀ ਗਲਤ, ਕੁਰਾਹੇ ਪਾਉਣ ਵਾਲੀ ਹੈ ਜਾਂ ਬੱਚੇ ਦੇ ਗੋਪਨੀਯਤਾ ਜਾਂ ਦੂਜੇ ਅਧਿਕਾਰਾਂ ਨੂੰ ਭੰਗ ਕਰਦੀ ਹੈ, ਤਾਂ ਤੁਸੀਂ ਲਿਖਤ ਵਿੱਚ ਬੇਨਤੀ ਕਰ ਸਕਦੇ ਹੋ ਕਿ LEA ਇਸ ਜਾਣਕਾਰੀ ਨੂੰ ਸੋਧ ਕੇ ਠੀਕ ਕਰੇ। ਜੇ LEA ਤੁਹਾਡੀ ਬੇਨਤੀ ਦੇ ਨਾਲ ਸਹਿਮਤ ਹੈ, ਤਾਂ ਰਿਕਾਰਡ ਸੋਧ ਕੇ ਠੀਕ ਕੀਤਾ ਜਾਵੇਗਾ ਅਤੇ ਤੁਹਾਨੂੰ ਬੇਨਤੀ ਪ੍ਰਾਪਤ ਹੋਣ ਤੋਂ ਬਾਅਦ ਮੁਨਾਸਿਬ ਸਮੇਂ ਅੰਦਰ ਸੂਚਨਾ ਦਿੱਤੀ ਜਾਵੇਗੀ।

ਜੇ LEA 30 ਦਿਨਾਂ ਦੇ ਅੰਦਰ ਬੇਨਤੀ ਕੀਤਾ ਸੰਸ਼ੋਧਣ ਕਰਨ ਤੋਂ ਇਨਕਾਰ ਕਰਦਾ ਹੈ, ਤਾਂ LEA ਤੁਹਾਨੂੰ ਸੁਣਵਾਈ ਦੇ ਅਧਿਕਾਰ ਦੀ ਸੂਚਨਾ ਦਏਗਾ, ਇਹ ਨਿਰਧਾਰਨ ਕਰਨ ਲਈ ਕਿ ਚੁਣੌਤੀ ਵਾਲੀ ਜਾਣਕਾਰੀ

ਗ਼ਲਤ, ਕੁਰਾਹੇ ਪਾਉਣ ਵਾਲੀ ਹੈ, ਜਾਂ ਕਿਸੇ ਹੋਰ ਤਰ੍ਹਾਂ ਤੁਹਾਡੇ ਬੱਚੇ ਦੀ ਗੋਪਨੀਯਤਾ ਜਾਂ ਦੂਜੇ ਅਧਿਕਾਰਾਂ ਨੂੰ ਭੰਗ ਕਰਦੀ ਹੈ, ਜਾਂ ਨਹੀਂ। ਜੇ ਤੁਸੀਂ ਸੁਣਵਾਈ ਲਈ ਬੇਨਤੀ ਕਰਦੇ ਹੋ, ਤਾਂ LEA ਮੁਨਾਸਿਬ ਸਮੇਂ ਦੇ ਅੰਦਰ ਇੱਕ ਸੁਣਵਾਈ ਪ੍ਰਦਾਨ ਕਰੇਗਾ, ਜੋ FERPA ਦੇ ਤਹਿਤ ਅਜਿਹੀਆਂ ਸੁਣਵਾਈਆਂ ਲਈ ਕਾਰਜਵਿਧੀਆਂ ਦੇ ਅਨੁਸਾਰ ਚਲਾਈ ਜਾਣੀ ਚਾਹੀਦੀ ਹੈ।

ਜੇ ਸੁਣਵਾਈ ਤੋਂ ਬਾਅਦ ਨਿਯੰਤ੍ਰਣ ਮੰਡਲ ਦੁਆਰਾ ਇਹ ਫੈਸਲਾ ਲਿਆ ਜਾਂਦਾ ਹੈ ਕਿ ਰਿਕਾਰਡਾਂ ਦਾ ਸੰਸ਼ੋਧਣ ਨਹੀਂ ਕੀਤਾ ਜਾਵੇਗਾ, ਤਾਂ ਤੁਹਾਡੇ ਕੋਲ

ਇਹ ਪ੍ਰਦਾਨ ਕਰਨ ਦਾ ਅਧਿਕਾਰ ਹੈ ਕਿ ਤੁਸੀਂ ਜਿਸ ਉੱਤੇ ਵਿਸ਼ਵਾਸ ਕਰਦੇ ਹੋ, ਇੱਕ ਸੁਧਾਰਿਆ ਗਿਆ ਲਿਖਤ ਬਿਆਨ ਹੈ, ਜਿਸ ਨੂੰ ਵਿਵਾਦ ਵਾਲੇ ਰਿਕਾਰਡ ਨਾਲ ਪੱਕੇ ਤੌਰ 'ਤੇ ਨੱਥੀ ਕੀਤਾ ਜਾਵੇਗਾ। ਜੇ ਵਿਵਾਦ ਵਾਲੇ ਰਿਕਾਰਡ ਦਾ ਖੁਲਾਸਾ ਕਿਸੇ ਧਿਰ ਨੂੰ ਕੀਤਾ ਜਾਂਦਾ ਹੈ ਤਾਂ ਇਹ ਕਥਨ ਨੱਥੀ ਕੀਤਾ ਜਾਵੇਗਾ।

### *ਕੀ ਮੈਂ ਇੱਕ IEP ਮੀਟਿੰਗ ਨੂੰ ਆਡੀਓ ਰਿਕਾਰਡ ਕਰ ਸਕਦਾ/ਸਕਦੀ ਹਾਂ?*

ਮਾਤਾ-ਪਿਤਾ, ਗਾਰਡੀਅਨ ਜਾਂ LEA ਕੋਲ IEP ਟੀਮ ਮੀਟਿੰਗਾਂ ਦੇ ਮੁਕੱਦਮਿਆਂ ਦੀ ਆਡੀਓ ਰਿਕਾਰਡਿੰਗ ਕਰਨ ਦਾ ਅਧਿਕਾਰ ਹੁੰਦਾ ਹੈ। IEP ਟੀਮ ਨੂੰ ਮੀਟਿੰਗ ਤੋਂ ਘੱਟੋ-ਘੱਟ 24 ਘੰਟੇ ਪਹਿਲਾਂ IEP ਨੂੰ ਰਿਕਾਰਡ ਕਰਨ ਦੀ ਇੱਛਾ ਬਾਰੇ ਸੂਚਨਾ ਦੇਣਾ ਲਾਜ਼ਮੀ ਹੁੰਦਾ ਹੈ। ਜੇ ਮੀਟਿੰਗ ਦੀ ਆਡੀਓ ਰਿਕਾਰਡਿੰਗ ਕਰਨ ਦੇ ਇਰਾਦੇ ਦਾ ਕੰਮ LEA ਦੁਆਰਾ ਸ਼ੁਰੂ ਕੀਤਾ ਜਾਂਦਾ ਹੈ, ਅਤੇ ਮਾਤਾ-ਪਿਤਾ ਆਡੀਓ ਰਿਕਾਰਡ ਦੇ ਕਾਰਨ ਇਤਰਾਜ਼ ਕਰਦੇ ਹਨ ਜਾਂ IEP ਮੀਟਿੰਗ 'ਤੇ ਹਾਜ਼ਰ ਹੋਣ ਤੋਂ ਇਨਕਾਰ ਕਰਦੇ ਹਨ, ਤਾਂ ਮੀਟਿੰਗ ਦੀ ਆਡੀਓ ਰਿਕਾਰਡਿੰਗ ਨਹੀਂ ਕੀਤੀ ਜਾਵੇਗੀ। ਮਾਤਾ-ਪਿਤਾ ਕੋਲ ਆਡੀਓ ਰਿਕਾਰਡਿੰਗਾਂ ਦੀ ਛਾਣਬੀਣ, ਸਮੀਖਿਆ ਕਰਨ ਅਤੇ, ਕਈ ਵਾਰ, ਸੋਧਣ ਦਾ ਅਧਿਕਾਰ ਹੁੰਦਾ ਹੈ।

### *ਆਤਮ-ਨਿਰਭਰ ਸਿੱਖਿਆ-ਸਬੰਧੀ ਮੁਲਾਂਕਣ (Independent Educational Evaluation) ਕੀ ਹੈ, ਅਤੇ ਮੈਂ ਇਹ ਕਿਵੇਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?*

Independent educational evaluation ("IEE") (ਆਤਮ-ਨਿਰਭਰ ਸਿੱਖਿਆ-ਸਬੰਧੀ ਮੁਲਾਂਕਣ) ਅਜਿਹੇ ਇੱਕ ਯੋਗ ਨਿਰੀਖਕ ਦੁਆਰਾ ਕੀਤਾ ਗਿਆ ਇੱਕ ਆਕਲਨ ਹੈ ਜਿਸ ਨੂੰ LEA ਨੇ ਨਿਯੁਕਤ ਨਹੀਂ ਕੀਤਾ ਹੈ, ਪਰ California Department of Education ("CDE") ਅਤੇ LEA ਦੀਆਂ ਸਮਾਨ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ। ਜੇ ਤੁਸੀਂ LEA ਦੁਆਰਾ ਚਲਾਏ ਗਏ ਹਾਲ ਹੀ ਦੇ ਆਕਲਨ ਦੇ ਨਤੀਜਿਆਂ ਨਾਲ ਅਸਹਿਮਤ ਹੋ, ਅਤੇ LEA ਨੂੰ ਇਸ ਅਸਹਿਮਤੀ ਬਾਰੇ ਦੱਸਦੇ ਹੋ, ਤਾਂ ਤੁਹਾਡੇ ਕੋਲ ਇੱਕ ਯੋਗ ਵਿਅਕਤੀ ਵਲੋਂ ਜਨਤਕ ਖਰਚੇ 'ਤੇ ਤੁਹਾਡੇ ਬੱਚੇ ਲਈ ਇੱਕ IEE ਲਈ ਬੇਨਤੀ ਕਰਨ ਅਤੇ ਸੰਭਵ ਤੌਰ 'ਤੇ ਪ੍ਰਾਪਤ ਕਰਨ ਦਾ ਅਧਿਕਾਰ ਹੁੰਦਾ ਹੈ।

ਜੇ ਤੁਸੀਂ ਜਨਤਕ ਖਰਚੇ 'ਤੇ ਇੱਕ ਇੱਕ IEE ਲਈ ਬੇਨਤੀ ਕਰਦੇ ਹੋ, ਤਾਂ LEA ਲਈ ਲਾਜ਼ਮੀ ਹੈ ਕਿ: (1) ਤੁਹਾਡੇ ਖਿਲਾਫ਼ ਬਕਾਇਆ ਕਿਰਿਆ ਲਈ ਇੱਕ ਸ਼ਿਕਾਇਤ ਦਰਜ ਕਰੇ ਇਹ ਸਾਬਿਤ ਕਰਨ ਲਈ ਕਿ ਇਸਦਾ ਆਕਲਨ ਢੁਕਵਾਂ ਹੈ; ਜਾਂ (2) ਯਕੀਨੀ ਬਣਾਏ ਕਿ IEE ਤੁਹਾਨੂੰ ਜਨਤਕ ਖਰਚੇ 'ਤੇ ਪ੍ਰਦਾਨ ਕੀਤਾ ਜਾਂਦਾ ਹੈ, ਜਦੋਂ ਤਕ ਬਕਾਇਆ ਕਿਰਿਆ ਕਾਰਵਾਈ ਵਿੱਚ LEA ਇਹ ਨਹੀਂ ਦਿਖਾਉਂਦੀ ਕਿ ਤੁਹਾਡੇ ਵਲੋਂ ਪ੍ਰਾਪਤ IEE ਨੇ LEA ਦੀ ਕਸੌਟੀ ਨੂੰ ਪੂਰਾ ਨਹੀਂ ਕੀਤਾ। ਜੇ LEA ਬਕਾਇਆ ਕਿਰਿਆ ਕਾਰਵਾਈ ਵਿੱਚ ਸਾਬਿਤ ਕਰਦੀ ਹੈ ਕਿ ਇਸਦਾ ਆਕਲਨ ਢੁਕਵਾਂ ਹੈ, ਤੁਹਾਡੇ ਕੋਲ ਹਾਲੇ ਵੀ ਇੱਕ IEE ਲਈ ਅਧਿਕਾਰ ਹੁੰਦਾ ਹੈ, ਪਰ ਜਨਤਕ ਖਰਚੇ 'ਤੇ ਨਹੀਂ।

ਜਨਤਕ ਖਰਚੇ ਦਾ ਮਤਲਬ ਹੈ ਕਿ ਪਬਲਿਕ ਏਜੰਸੀ ਜਾਂ ਤਾਂ ਮੁਲਾਂਕਣ ਦੀ ਪੂਰੀ ਲਾਗਤ ਦਾ ਭੁਗਤਾਨ ਕਰਦੀ ਹੈ ਜਾਂ ਫੇਰ ਇਹ ਯਕੀਨੀ ਬਣਾਉਂਦੀ ਹੈ ਕਿ ਮੁਲਾਂਕਣ ਤੁਹਾਨੂੰ ਵੈਸੇ ਵੀ ਬਿਨਾਂ ਕਿਸੇ ਲਾਗਤ ਪ੍ਰਦਾਨ ਕੀਤਾ ਜਾਂਦਾ ਹੈ। ਤੁਹਾਡੀ LEA ਕੋਲ ਤੁਹਾਡੇ ਲਈ ਇਸ ਬਾਰੇ ਜਾਣਕਾਰੀ ਉਪਲਬਧ ਹੁੰਦੀ ਹੈ ਕਿ ਅਜਿਹੇ IEE ਨੂੰ ਕਿੱਥੇ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ IEE ਲਈ LEA ਦਾ ਮਾਨਦੰਡ ਕੀ ਹੈ, ਜਿਸ ਨੂੰ ਤੁਹਾਨੂੰ ਇੱਕ IEE ਲਈ ਬੇਨਤੀ ਕਰਨ ਉੱਤੇ ਪ੍ਰਦਾਨ ਕਰਨਾ ਲਾਜ਼ਮੀ ਹੁੰਦਾ ਹੈ। ਹਰ ਵਾਰ ਜਦੋਂ LEA ਇੱਕ ਆਕਲਨ ਕਰਦਾ ਹੈ ਜਿਸਦੇ ਨਾਲ ਤੁਸੀਂ ਅਸਹਿਮਤ ਹੁੰਦੇ ਹੋ, ਤਾਂ ਤੁਸੀਂ ਜਨਤਕ ਖਰਚੇ 'ਤੇ ਸਿਰਫ਼ ਇੱਕ IEE ਲਈ ਹੱਕਦਾਰ ਹੋ ਸਕਦੇ ਹੋ।

ਜੇ ਤੁਸੀਂ ਨਿੱਜੀ ਖਰਚੇ 'ਤੇ ਇੱਕ ਆਕਲਨ ਪ੍ਰਾਪਤ ਕਰਦੇ ਹੋ ਅਤੇ LEA ਨੂੰ ਇਸਦੀ ਇੱਕ ਨਕਲ ਪ੍ਰਦਾਨ ਕਰਦੇ ਹੋ, ਤਾਂ ਤੁਹਾਡੇ ਬੱਚੇ ਲਈ ਇੱਕ FAPE ਦੀ ਵਿਵਸਥਾ ਦੇ ਸਬੰਧ ਵਿੱਚ

IEP ਟੀਮ ਦੁਆਰਾ ਆਕਲਨ ਦੇ ਨਤੀਜਿਆਂ 'ਤੇ ਵਿਚਾਰ ਕਰਨਾ ਲਾਜ਼ਮੀ ਹੁੰਦਾ ਹੈ। ਨਿੱਜੀ ਤੌਰ 'ਤੇ ਫੰਡ ਕੀਤਾ ਆਕਲਨ ਤੁਹਾਡੇ ਬੱਚੇ ਬਾਰੇ ਬਕਾਇਆ ਕਿਰਿਆ ਦੀ ਸੁਣਵਾਈ 'ਤੇ ਵੀ ਕਰਾਇਆ ਜਾ ਸਕਦਾ ਹੈ।

ਜੇ ਸਕੂਲ ਜ਼ਿਲਾ ਇਹ ਗਹੁ ਕਰਦਾ ਹੈ ਕਿ ਤੁਹਾਡਾ ਬੱਚਾ ਇੱਕ ਆਕਲਨ ਦੇ ਦੌਰਾਨ ਆਪਣੀ ਜਮਾਤ ਵਿੱਚ ਹੈ, ਜਾਂ ਜੇ ਸਕੂਲ ਜ਼ਿਲੇ ਦੀਆਂ ਕਾਰਜਵਿਧੀਆਂ ਜਮਾਤ-ਅੰਦਰ ਨਿਰੀਖਣਾਂ ਲਈ ਬੰਦੋਬਸਤ ਕਰਦੀਆਂ ਹਨ, ਤਾਂ ਵਰਤਮਾਨ ਅਤੇ ਕਿਸੇ ਪ੍ਰਸਤਾਵਿਤ ਸਿੱਖਿਅਕ ਪਲੇਟਮੈਂਟ ਵਿੱਚ ਕਿਸੇ ਆਤਮ-ਨਿਰਭਰ ਸਿੱਖਿਆਂ-ਸਬੰਧੀ ਮੁਲਾਂਕਣ ਲਈ ਸਮਾਨ ਮੌਕਾ ਪ੍ਰਦਾਨ ਕੀਤਾ ਜਾਣਾ ਲਾਜ਼ਮੀ ਹੁੰਦਾ ਹੈ।

ਜੇ ਤੁਸੀਂ ਇੱਕ ਨੋਨ-ਪਬਲਿਕ ਸਕੂਲ ਵਿੱਚ ਆਪਣੇ ਬੱਚੇ ਦੀ ਜਨਤਕ ਤੌਰ 'ਤੇ ਵਿੱਤ-ਪੋਸ਼ਣ ਕੀਤੀ ਪਲੇਟਮੈਂਟ ਦਾ ਪ੍ਰਸਤਾਵ ਦਿੰਦੇ ਹੋ, ਤਾਂ LEA ਕੋਲ ਪ੍ਰਸਤਾਵਿਤ ਪਲੇਸਮੈਂਟ ਅਤੇ ਪ੍ਰਸਤਾਵਿਤ ਪਲੇਸਮੈਂਟ ਵਿੱਚ ਵਿਦਿਆਰਥੀ 'ਤੇ ਗਹੁ ਕਰਨ ਦਾ ਮੌਕਾ ਹੋਵੇਗਾ, ਜੇ ਵਿਦਿਆਰਥੀ ਨੂੰ ਪਹਿਲਾਂ ਹੀ ਮਾਤਾ-ਪਿਤਾ ਜਾਂ ਗਾਰਡੀਅਨ ਦੁਆਰਾ ਨੋਨ-ਪਬਲਿਕ ਸਕੂਲ ਵਿੱਚ ਇੱਕਤਰਫਾ ਤੌਰ 'ਤੇ ਰੱਖਿਆ ਗਿਆ ਹੈ।

## *ਪੂਰਵ ਲਿਖਤ ਨੋਟਿਸ ਕੀ ਹੈ ਅਤੇ ਮੈਨੂੰ ਇਹ ਕਦੋਂ ਮਿਲੇਗਾ?*

ਇੱਕ LEA ਤੁਹਾਨੂੰ ਲਿਖਤ ਵਿੱਚ ਇਹ ਨੋਟਿਸ ਦੇਣ ਲਈ ਜ਼ਿੰਮੇਵਾਰ ਹੁੰਦੀ ਹੈ, ਜਦੋਂ ਵੀ ਇਹ ਤੁਹਾਡੇ ਬੱਚੇ ਦੀ ਪਛਾਣ, ਆਕਲਨ, ਜਾਂ ਸਿੱਖਿਅਕ ਪਲੇਟਮੈਂਟ ਵਿੱਚ ਜਾਂ ਬੱਚੇ ਲਈ ਮੁਫ਼ਤ ਢੁਕਵੀਂ ਜਨਤਕ ਸਿੱਖਿਆ ਦੀ ਵਿਵਸਥਾ ਵਿੱਚ ਕਿਸੇ ਬਦਲਾਵ ਨੂੰ ਸ਼ੁਰੂ ਕਰਨ ਦਾ ਪ੍ਰਸਤਾਵ ਦਿੰਦੀ ਜਾਂ ਇਸ ਲਈ ਇਨਕਾਰ ਕਰਦੀ ਹੈ। LEA ਲਈ ਲਾਜ਼ਮੀ ਹੈ ਕਿ ਇਸ ਪ੍ਰਸਤਾਵ ਜਾਂ ਇਨਕਾਰ ਦਾ ਲਿਖਤ ਨੋਟਿਸ ਮੁਨਾਸਬ ਸਮੇਂ ਦੇ ਅੰਦਰ ਮਾਤਾ-ਪਿਤਾ ਨੂੰ ਪ੍ਰਦਾਨ ਕਰੇ। ਇਹ ਨੋਟਿਸ, ਜੇ ਪਹਿਲੇ ਸਮੇਂ ਵਿੱਚ ਮਾਤਾ-ਪਿਤਾ ਨੂੰ ਪ੍ਰਦਾਨ ਨਹੀਂ ਕੀਤਾ ਗਿਆ, ਤਾਂ LEA ਵਲੋਂ ਬਕਾਇਆ ਕਿਰਿਆ ਦੀ ਸੁਣਵਾਈ ਲਈ ਬੇਨਤੀ ਪ੍ਰਾਪਤ ਹੋਣ ਉੱਤੇ ਵੀ ਪ੍ਰਦਾਨ ਕੀਤਾ ਜਾਵੇਗਾ। ਨੋਟਿਸ ਨੂੰ ਸਮਝਣ-ਯੋਗ ਭਾਸ਼ਾ ਵਿੱਚ ਲਿਖਣਾ ਅਤੇ ਤੁਹਾਡੀ ਦੇਸ਼ੀ ਭਾਸ਼ਾ ਜਾਂ ਸੰਚਾਰ ਦੇ ਦੂਜੇ ਸਾਧਨ ਵਿੱਚ ਪ੍ਰਦਾਨ ਕਰਨਾ ਲਾਜ਼ਮੀ ਹੈ, ਜਦੋਂ ਤਕ ਅਜਿਹਾ ਕਰਨਾ ਸਪਸ਼ਟਤਾ ਨਾਲ ਹੋਣਯੋਗ ਨਹੀਂ ਹੁੰਦਾ। ਜੇ ਤੁਹਾਡੀ ਦੇਸ਼ੀ ਭਾਸ਼ਾ ਜਾਂ ਸੰਚਾਰ ਦਾ ਸਾਧਨ ਲਿਖਤ ਭਾਸ਼ਾ ਨਹੀਂ ਹੈ, LEA ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਸੂਚਨਾ ਦਾ ਮੂੰਹ-ਜ਼ਬਾਨੀ ਜਾਂ ਦੂਜੇ ਤਰੀਕਿਆਂ ਦੁਆਰਾ ਅਨੁਵਾਦ ਕੀਤਾ ਜਾਂਦਾ ਹੈ, ਕਿ ਤੁਸੀਂ ਸੂਚਨਾ ਨੂੰ ਸਮਝਦੇ ਹੋ, ਅਤੇ ਕਿ ਇੱਥੇ ਲਿਖਤ ਸਬੂਤ ਹੈ ਕਿ ਇਹ ਜ਼ਰੂਰਤਾਂ ਪੂਰੀਆਂ ਕੀਤੀਆਂ ਗਈਆਂ ਹਨ। ਜੇ ਤੁਹਾਡਾ LEA ਇਹ ਵਿਕਲਪ ਉਪਲਬਧ ਕਰਾਉਂਦਾ ਹੈ ਤਾਂ ਤੁਸੀਂ ਇਲੈਕਟ੍ਰੋਨਿਕ ਮੇਲ ਸੰਚਾਰ ਦੁਆਰਾ ਇਹ ਨੋਟਿਸ ਪ੍ਰਾਪਤ ਕਰਨਾ ਚੁਣ ਸਕਦੇ ਹੋ।

ਲਿਖਤ ਨੋਟਿਸ ਵਿੱਚ ਸ਼ਾਮਲ ਹੋਵੇਗਾ:

- LEA ਦੁਆਰਾ ਪ੍ਰਸਤਾਵਿਤ ਜਾਂ ਇਨਕਾਰ ਕੀਤੀਆਂ ਕਾਰਵਾਈਆਂ ਦਾ ਵਰਣਨ, ਜਿਸਦੇ ਨਾਲ ਇਹ ਸਪਸ਼ਟੀਕਰਣ ਹੈ ਕਿ ਏਜੰਸੀ ਨੇ ਕਾਰਵਾਈ ਦਾ ਪ੍ਰਸਤਾਵ ਕਿਉਂ ਪੇਸ਼ ਕੀਤਾ ਜਾ ਕਰਨ ਤੋਂ ਇਨਕਾਰ ਕਿਉਂ ਕੀਤਾ ਅਤੇ ਵਿਚਾਰ ਕੀਤੀਆਂ ਦੂਜੀਆਂ ਕਾਰਵਾਈਆਂ ਦਾ ਵਰਣਨ ਅਤੇ ਉਹ ਵਿਕਲਪ ਅਸਵੀਕਾਰ ਕਿਉਂ ਕੀਤੇ ਗਏ ਸਨ।
- ਹਰ ਆਕਲਨ ਕਾਰਜਵਿਧੀ, ਜਾਂਚ, ਰਿਕਾਰਡ, ਜਾਂ ਰਿਪੋਰਟ ਜੋ LEA ਨੇ ਪ੍ਰਸਤਾਵ ਜਾਂ ਇਨਕਾਰ ਲਈ ਆਧਾਰ ਵਜੋਂ ਵਰਤੀ, ਦਾ ਵਰਣਨ।
- IEP ਟੀਮ ਦੁਆਰਾ ਸੋਚ-ਵਿਚਾਰ ਕੀਤੇ ਦੂਜੇ ਵਿਕਲਪਾਂ ਦਾ ਵਰਣਨ ਅਤੇ ਕਾਰਨ ਕਿ ਉਹਨਾਂ ਵਿਕਲਪਾਂ ਨੂੰ ਅਸਵੀਕਾਰ ਕਿਉਂ ਕੀਤਾ ਗਿਆ ਸੀ।
- ਕਿਸੇ ਹੋਰ ਕਾਰਕਾਂ ਦਾ ਵਰਣਨ, ਜੋ LEA ਦੇ ਪ੍ਰਸਤਾਵ ਜਾਂ ਇਨਕਾਰ ਨਾਲ ਸਬੰਧਤ ਹਨ।
- ਸੂਚਨਾ ਕਿ ਮਾਤਾ-ਪਿਤਾ ਆਪਣੇ ਬੱਚੇ ਦੇ ਰਿਹਾਇਸ਼ੀ ਜ਼ਿਲੇ ਦੇ ਵਿਸ਼ੇਸ਼ ਸਿੱਖਿਆ ਡਾਈਰੈਕਟਰ, SELPA ਡਾਈਰੈਕਟਰ, ਜਾਂ ਸੈਕ੍ਰਾਮੇਂਟੋ ਵਿੱਚ CDE ਵਲੋਂ ਨਕਲਾਂ ਜਾਂ ਆਪਣੇ ਅਧਿਕਾਰਾਂ ਅਤੇ ਪ੍ਰੋਸੀਜ਼ਰਲ ਸੇਫਗਾਰਡਜ਼ ਨੂੰ ਸਮਝਣ ਵਿੱਚ ਮਦਦ ਪ੍ਰਾਪਤ ਕਰ ਸਕਦੇ ਹਨ।

## *ਮਾਤਾ-ਪਿਤਾ ਦੀ ਸਹਿਮਤੀ ਵਿੱਚ ਕੀ ਸ਼ਾਮਲ ਹੁੰਦਾ ਹੈ ਅਤੇ ਇਸਦੀ ਲੋੜ ਕਦੋਂ ਹੁੰਦੀ ਹੈ?*

LEA ਲਈ ਤੁਹਾਡੇ ਬੱਚੇ ਦਾ ਆਕਲਨ ਕਰਨ ਅਤੇ/ਜਾਂ ਉਸਨੂੰ ਵਿਸ਼ੇਸ਼ ਸਿੱਖਿਆ ਅਤੇ ਸਬੰਧਤ ਸੇਵਾਵਾਂ ਪ੍ਰਦਾਨ ਕਰਨ ਤੋਂ ਪਹਿਲਾਂ, ਉੱਪਰ ਵਰਣਨ ਅਨੁਸਾਰ ਮਾਤਾ-ਪਿਤਾ ਦੀ ਸਹਿਮਤੀ ਲੈਣਾ ਲਾਜ਼ਮੀ ਹੈ। LEA ਲਈ ਕਿਸੇ ਬੱਚੇ ਦੇ ਸ਼ੁਰੂਆਤੀ ਆਕਲਨ ਜਾਂ ਮੁੜ-ਆਕਲਨ ਤੋਂ ਪਹਿਲਾਂ ਮਾਤਾ-ਪਿਤਾ ਦੀ ਸੂਚਿਤ ਸਹਿਮਤੀ ਪ੍ਰਾਪਤ ਕਰਨ ਲਈ ਮੁਨਾਸਬ ਕੋਸ਼ਿਸ਼ਾਂ ਕਰਨਾ ਲਾਜ਼ਮੀ ਹੈ। ਜੇ ਤੁਸੀਂ ਇੱਕ ਸ਼ੁਰੂਆਤੀ ਆਕਲਨ ਜਾਂ ਮੁੜ-ਆਕਲਨ ਲਈ ਸਹਿਮਤੀ ਦੇਣ ਤੋਂ ਇਨਕਾਰ ਕਰਦੇ ਹੋ, ਤਾਂ LEA ਆਕਲਨ ਲਈ ਤੁਹਾਡੀ ਸਹਿਮਤੀ ਪ੍ਰਾਪਤ ਕਰਨ ਵਾਸਤੇ ਬਕਾਇਆ ਕਿਰਿਆ ਕਾਰਜਵਿਧੀਆਂ ਦਾ ਇਸਤੇਮਾਲ ਕਰ ਸਕਦੀ ਹੈ, ਪਰ ਇਹ ਕਰਨਾ ਜ਼ਰੂਰੀ ਨਹੀਂ ਹੈ।

ਸ਼ੁਰੂਆਤੀ <u>ਮੁਲਾਂਕਣ</u> ਲਈ ਤੁਹਾਡੀ ਸਹਿਮਤੀ ਵਿਸ਼ੇਸ਼ ਸਿੱਖਿਆ ਪਲੇਸਮੈਂਟ ਅਤੇ/ਜਾਂ ਸੇਵਾਵਾਂ ਵੱਲ ਇਸ਼ਾਰਾ ਨਹੀਂ ਕਰਦੀ ਜਾਂ ਇਸ ਲਈ ਸਹਿਮਤੀ ਮਨਜ਼ੂਰ ਨਹੀਂ ਕਰਦੀ। ਸ਼ੁਰੂਆਤੀ ਆਕਲਨ ਪੂਰਾ ਹੋਣ ਤੋਂ ਬਾਅਦ, ਮੁਲਾਂਕਣ(ਮੁਲਾਂਕਣਾਂ) ਦੀ ਸਮੀਖਿਆ ਅਤੇ ਚਰਚਾ ਕਰਨ ਲਈ ਇੱਕ ਮੀਟਿੰਗ ਰੱਖੀ ਜਾਵੇਗੀ। ਜੇ ਇਸ ਮੀਟਿੰਗ 'ਤੇ ਵਿਸ਼ੇਸ਼ ਸਿੱਖਿਆ ਪਲੇਸਮੈਂਟ ਅਤੇ/ਜਾਂ ਸੇਵਾਵਾਂ ਦੀ ਸਿਫਾਰਿਸ਼ ਕੀਤੀ ਜਾਂਦੀ ਹੈ, ਟੀਮ ਉਸ ਸਮੇਂ 'ਤੇ ਪਲੇਸਮੈਂਟ ਅਤੇ/ਜਾਂ ਸੇਵਾਵਾਂ ਲਈ ਤੁਹਾਡੀ ਸਹਿਮਤੀ ਲਈ ਬੇਨਤੀ ਕਰੇਗੀ।

ਜੇ ਤੁਸੀਂ ਪਲੇਸਮੈਂਟ ਅਤੇ/ਜਾਂ ਸੇਵਾਵਾਂ ਦੀ ਅਰੰਭਕ IEP ਪੇਸ਼ਕਸ਼ ਲਈ ਸਹਿਮਤੀ ਦੇਣ ਤੋਂ ਇਨਕਾਰ ਕਰਦੇ ਹੋ, ਜਾਂ ਜੇ ਤੁਸੀਂ ਅਜਿਹੀਆਂ ਸੇਵਾਵਾਂ ਪੇਸ਼ ਕਰਨ ਦੀ ਬੇਨਤੀ ਦਾ ਜਵਾਬ ਦੇਣ ਤੋ ਅਸਫਲ ਰਹਿੰਦੇ ਹੋ, LEA ਪਲੇਸਮੈਂਟ ਅਤੇ/ਜਾਂ ਸੇਵਾਵਾਂ ਲਈ ਸਹਿਮਤੀ ਤੋਂ ਤੁਹਾਡੇ ਇਨਕਾਰ ਨੂੰ ਚੁਣੌਤੀ ਦੇਣ ਲਈ ਹੇਠਾਂ ਵਰਣਨ ਕੀਤੀਆਂ ਬਕਾਇਆ ਕਿਰਿਆ ਦੀਆਂ ਕਾਰਜਵਿਧੀਆਂ ਦੀ <u>ਵਰਤੋਂ ਨਹੀਂ ਕਰ ਸਕਦੀ</u>। ਪਰ, ਜੇ LEA ਸ਼ੁਰੂਆਤੀ ਪਲੇਸਮੈਂਟ ਅਤੇ ਸੇਵਾਵਾਂ ਨੂੰ ਪੇਸ਼ ਕਰਦੀ ਹੈ, ਅਤੇ ਜੇ ਤੁਸੀਂ ਪਲੇਸਮੈਂਟ ਅਤੇ/ਜਾਂ ਸੇਵਾਵਾਂ ਲਈ ਸਹਿਮਤੀ ਨਹੀਂ ਦਿੰਦੇ, ਤਾਂ LEA ਬਾਰੇ ਇਹ ਵਿਚਾਰ ਨਹੀਂ ਕੀਤਾ ਜਾਵੇਗਾ ਕਿ ਇਸਨੇ ਤੁਹਾਡੇ ਬੱਚੇ ਲਈ ਇੱਕ FAPE ਉਪਲਬਧ ਕਰਾਉਣ ਦੀ ਜ਼ਰੂਰਤ ਦਾ ਉਲੰਘਣ ਕੀਤਾ ਹੈ। LEA ਨੂੰ ਇੱਕ IEP ਟੀਮ ਮੀਟਿੰਗ ਸੱਦਣ ਜਾਂ ਇੱਕ IEP ਬਣਾਉਣ ਦੀ ਲੋੜ ਵੀ ਨਹੀਂ ਹੋਵੇਗੀ ਜਦੋਂ LEA ਦੀ ਬੇਨਤੀ ਤੋਂ ਬਾਅਦ ਅਜਿਹੀ ਸਹਿਮਤੀ ਨਹੀਂ ਦਿੱਤੀ ਜਾਂਦੀ।

ਸਕੂਲ ਜ਼ਿਲਾ ਤੁਹਾਡੇ ਬੱਚੇ ਦੇ ਸਾਰੇ ਮੁੜ-ਮੁਲਾਂਕਣਾਂ ਲਈ ਤੁਹਾਡੀ ਸੂਚਿਤ ਸਹਿਮਤੀ ਦੀ ਬੇਨਤੀ ਵੀ ਕਰੇਗਾ ਅਤੇ ਉਦੋਂ ਤਕ ਮੁੜ-ਮੁਲਾਂਕਣ ਨਹੀਂ ਕਰੇਗਾ ਜਦੋਂ ਤਕ ਤੁਸੀਂ ਤੁਹਾਡੀ ਸਹਿਮਤੀ ਲਈ ਬੇਨਤੀਆਂ ਦਾ ਜਵਾਬ ਦੇਣ ਵਿੱਚ ਅਸਫਲ ਨਹੀਂ ਹੁੰਦੇ।

ਇੱਕ ਆਕਲਨ ਦੇ ਹਿੱਸੇ ਵਜੋਂ ਮੌਜੂਦਾ ਡੇਟਾ ਦੀ ਸਮੀਖਿਆ ਕਰਨ ਤੋਂ ਪਹਿਲਾਂ, ਜਾਂ ਕੋਈ ਜਾਂਚ ਜਾਂ ਦੂਜੇ ਆਕਲਨ ਨੂੰ ਕਰਨ ਤੋਂ ਪਹਿਲਾਂ ਜੋ ਸਾਰੇ ਬੱਚਿਆਂ ਲਈ ਕੀਤੇ ਜਾਂਦੇ ਹਨ, ਮਾਤਾ-ਪਿਤਾ ਦੀ ਸਹਿਮਤੀ ਦੀ ਲੋੜ ਨਹੀਂ ਹੁੰਦੀ (ਜੇਕਰ ਉਸ ਜਾਂਚ ਜਾਂ ਆਕਲਨ ਤੋਂ ਪਹਿਲਾਂ ਸਾਰੇ ਬੱਚਿਆਂ ਦੇ ਮਾਤਾ-ਪਿਤਾ ਦੀ ਸਹਿਮਤੀ ਦੀ ਲੋੜ ਨਾ ਹੋਵੇ)।

ਜੇ ਤੁਹਾਡਾ ਬੱਚਾ ਤੁਹਾਡੇ ਖੁਦ ਦੇ ਖਰਚੇ 'ਤੇ ਸਕੂਲ ਨਾਲੋਂ ਘਰ ਵਿੱਚ ਪੜ੍ਹ ਰਿਹਾ ਹੈ ਜਾਂ ਕਿਸੇ ਪ੍ਰਾਈਵੇਟ ਸਕੂਲ ਜਾਂਦਾ ਹੈ, ਅਤੇ ਤੁਸੀਂ ਇੱਕ ਅਰੰਭਕ ਆਕਲਨ ਜਾਂ ਮੁੜ-ਆਕਲਨ ਲਈ ਸਹਿਮਤੀ ਪ੍ਰਦਾਨ ਨਹੀਂ ਕਰਦੇ ਹੋ, ਜਾਂ ਸਹਿਮਤੀ ਪ੍ਰਦਾਨ ਕਰਨ ਲਈ ਬੇਨਤੀ ਦਾ ਜਵਾਬ ਨਹੀਂ ਦਿੰਦੇ ਹੋ, ਤਾਂ ਤੁਹਾਡੀ ਸਹਿਮਤੀ ਨੂੰ ਰੱਦ ਕਰਨ ਲਈ ਬਕਾਇਆ ਕਿਰਿਆ ਕਾਰਜਵਿਧੀਆਂ ਦੀ ਵਰਤੋਂ ਨਹੀਂ ਕਰ ਸਕਦੀ। ਇਸ ਮਾਮਲੇ ਵਿੱਚ, LEA ਨੂੰ ਸੇਵਾਵਾਂ ਲਈ ਯੋਗ ਹੋਣ ਵਜੋਂ ਬੱਚੇ 'ਤੇ ਵਿਚਾਰ ਕਰਨ ਦੀ ਲੋੜ ਨਹੀਂ ਹੁੰਦੀ।

ਤੁਸੀਂ ਆਪਣੇ ਬੱਚੇ ਦੇ IEP ਦੇ ਕੁਝ ਹਿੱਸੇ ਪ੍ਰਾਪਤ ਕਰਨ ਦੀ ਲਿਖਤ ਵਿੱਚ ਸਹਿਮਤੀ ਦੇ ਸਕਦੇ ਹੋ, ਅਤੇ IEP ਦੇ ਉਹਨਾਂ ਹਿੱਸਿਆਂ ਨੂੰ LEA ਦੁਆਰਾ ਲਾਗੂ ਕਰਨਾ ਲਾਜ਼ਮੀ ਹੈ। ਜੇ LEA ਨਿਰਧਾਰਨ ਕਰਦਾ ਹੈ ਕਿ ਤੁਹਾਡੇ ਬੱਚੇ ਦੀ IEP ਦਾ(ਦੇ) ਬਾਕੀ ਹਿੱਸਾ(ਸੇ) ਜਿਸ ਲਈ ਤੁਸੀਂ ਸਹਿਮਤੀ ਨਹੀਂ ਦਿੰਦੇ ਹੋ, ਬੱਚੇ ਨੂੰ ਇੱਕ FAPE ਪ੍ਰਦਾਨ ਕਰਨ ਲਈ ਜ਼ਰੂਰੀ ਹੈ/ਹਨ, LEA <u>ਲਈ ਲਾਜ਼ਮੀ ਹੈ</u> ਕਿ ਬਕਾਇਆ ਕਿਰਿਆ ਦੀ ਸੁਣਵਾਈ ਸ਼ੁਰੂ ਕਰੇ।

ਅੰਤ ਤੇ, ਤੁਹਾਡੇ ਬੱਚੇ ਦੇ ਮੁੜ-ਆਕਲਨ ਦੇ ਮਾਮਲੇ ਵਿੱਚ ਤੁਹਾਡੀ ਸੂਚਿਤ ਸਹਿਮਤੀ ਹਾਸਲ ਕਰਨ ਦੀ ਲੋੜ ਨਹੀਂ ਹੁੰਦੀ, ਜੇਕਰ LEA ਬਕਾਇਆ ਕਿਰਿਆ ਦੀ ਸੁਣਵਾਈ ਦੁਆਰਾ ਇਹ ਦਿਖਾ ਸਕਦੀ ਹੈ ਕਿ ਇਸਨੇ ਤੁਹਾਡੀ ਸਹਿਮਤੀ ਹਾਸਲ ਕਰਨ ਲਈ ਮੁਨਾਸਿਬ ਉਪਾਅ ਕੀਤੇ ਹਨ ਅਤੇ ਤੁਸੀਂ ਜਵਾਬ ਦੇਣ ਵਿੱਚ ਅਸਫਲ ਰਹੇ ਹੋ।

### *ਕੀ ਮੈਨੂੰ ਮਗਰੋਂ ਆਪਣਾ ਵਿਚਾਰ ਬਦਲਣ ਅਤੇ ਸਹਿਮਤੀ ਨੂੰ ਰੱਦ ਕਰਨ ਦੀ ਇਜਾਜ਼ਤ ਹੁੰਦੀ ਹੈ?*

ਜੇਕਰ, ਵਿਸ਼ੇਸ਼ ਸਿੱਖਿਆ ਅਤੇ ਸਬੰਧਤ ਸੇਵਾਵਾਂ ਦੀ ਅਰੰਭਕ ਵਿਵਸਥਾ ਤੋਂ ਬਾਅਦ ਕਿਸੇ ਸਮੇਂ ਤੇ, ਬੱਚੇ ਦੇ ਮਾਤਾ-ਪਿਤਾ ਵਿਸ਼ੇਸ਼ ਸਿੱਖਿਆ ਅਤੇ ਅਤੇ ਸਬੰਧਤ ਸੇਵਾਵਾਂ ਦੇ ਲਗਾਤਾਰ ਬੰਦੋਬਸਤ ਲਈ ਲਿਖਤ ਵਿੱਚ ਸਹਿਮਤੀ ਨੂੰ ਰੱਦ ਕਰਦੇ ਹਨ, ਤਾਂ ਹੋ ਸਕਦਾ ਹੈ ਕਿ ਸਕੂਲ ਜ਼ਿਲਾ ਜਾਂ ਚਾਰਟਰ ਸਕੂਲ:

- ਬੱਚੇ ਨੂੰ ਵਿਸ਼ੇਸ਼ ਸਿੱਖਿਆ ਅਤੇ ਸਬੰਧਤ ਸੇਵਾਵਾਂ ਦੇਣਾ ਜਾਰੀ ਨਾ ਰੱਖੇ, ਪਰ ਵਿਸ਼ੇਸ਼ ਸਿੱਖਿਆ ਅਤੇ ਸਬੰਧਤ ਸੇਵਾਵਾਂ ਦੀ ਵਿਵਸਥਾ ਨੂੰ ਬੰਦ ਕਰਨ ਤੋਂ ਪਹਿਲਾ ਪੂਰਵ ਲਿਖਤ ਜਾਣਕਾਰੀ ਪ੍ਰਦਾਨ ਕਰਨਾ ਲਾਜ਼ਮੀ ਹੈ;
- ਵਿਚੋਲਗਿਰੀ ਕਾਰਜਵਿਧੀਆਂ ਜਾਂ ਬਕਾਇਆ ਕਿਰਿਆ ਕਾਰਜਵਿਧੀਆਂ ਦਾ ਇਸਤੇਮਾਲ ਨਾ ਕਰੇ, ਤਾਂ ਜੋ ਸਮਝੌਤਾ ਜਾਂ ਨਿਯਮ ਪ੍ਰਾਪਤ ਕੀਤਾ ਜਾਵੇ ਕਿ ਸੇਵਾਵਾਂ ਬੱਚੇ ਨੂੰ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ;
- ਇਹ ਨਹੀਂ ਮੰਨਿਆ ਜਾਵੇਗਾ ਕਿ ਇਸਨੇ ਬੱਚੇ ਲਈ FAPE ਉਪਲਬਧ ਕਰਾਉਣ ਲਈ ਜ਼ਰੂਰਤ ਦਾ ਉਲੰਘਣ ਕੀਤਾ ਹੈ ਕਿਉਂਕਿ ਬੱਚੇ ਨੂੰ ਅੱਗੇ ਵਿਸ਼ੇਸ਼ ਸਿੱਖਿਆ ਅਤੇ ਸਬੰਧਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਅਸਫਲ ਰਹੇ ਸੀ; ਅਤੇ
- ਨੂੰ ਵਿਸ਼ੇਸ਼ ਸਿੱਖਿਆ ਅਤੇ ਸਬੰਧਤ ਸੇਵਾਵਾਂ ਦੀ ਅੱਗੇ ਹੋਰ ਵਿਵਸਥਾ ਲਈ ਇੱਕ IEP ਟੀਮ ਮੀਟਿੰਗ ਨੂੰ ਬੁਲਾਉਣ ਜਾਂ ਬੱਚੇ ਲਈ ਇੱਕ IEP ਦਾ ਵਿਕਾਸ ਕਰਨ ਦੀ ਲੋੜ ਨਹੀਂ ਹੁੰਦੀ।

ਜੇ ਬੱਚੇ ਨੂੰ ਸ਼ੁਰੂ ਵਿੱਚ ਵਿਸ਼ੇਸ਼ ਸਿੱਖਿਆ ਅਤੇ ਸਬੰਧਤ ਸੇਵਾਵਾਂ ਪ੍ਰਦਾਨ ਕਰਨ ਤੋਂ ਬਾਅਦ ਮਾਤਾ-ਪਿਤਾ ਆਪਣੇ ਬੱਚੇ ਦੁਆਰਾ ਉਹਨਾਂ ਦੀਆਂ ਵਿਸ਼ੇਸ਼ ਸਿੱਖਿਆ ਸੇਵਾਵਾਂ ਪ੍ਰਾਪਤ ਕਰਨ ਲਈ ਸਹਿਮਤੀ ਨੂੰ ਲਿਖਤ ਵਿੱਚ ਰੱਦ ਕਰਦੇ ਹਨ, ਤਾਂ ਸਕੂਲ ਜ਼ਿਲੇ ਜਾਂ ਚਾਰਟਰ ਸਕੂਲ ਨੂੰ ਸਹਿਮਤੀ ਦੇ ਰੱਦ ਹੋਣ ਕਾਰਨ ਬੱਚੇ ਵਲੋਂ ਵਿਸ਼ੇਸ਼ ਸਿੱਖਿਆ ਅਤੇ ਸਬੰਧਤ ਸੇਵਾਵਾਂ ਪ੍ਰਾਪਤ ਹੋਣ ਲਈ ਕਿਸੇ ਹਵਾਲਿਆਂ ਨੂੰ ਹਟਾਉਣ ਲਈ ਬੱਚੇ ਦੇ ਸਿੱਖਿਆ ਰਿਕਾਰਡਾਂ ਦਾ ਸੰਸ਼ੋਧਣ ਕਰਨ ਦੀ ਲੋੜ ਨਹੀਂ ਹੁੰਦੀ ਹੈ। ਜਦੋਂ ਮਾਤਾ-ਪਿਤਾ ਸਾਰੀਆਂ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਇਨਕਾਰ ਕਰਦੇ ਹਨ ਤਾਂ ਇਹ ਵਿਵਸਥਾ ਲਾਗੂ ਹੁੰਦੀ ਹੈ। ਜੇ ਮਾਤਾ-ਪਿਤਾ ਕੁਝ, ਨਾ ਕਿ ਸਾਰੀਆਂ ਸੇਵਾਵਾਂ ਨਾਲ ਅਸਹਿਮਤ ਹਨ, ਤਾਂ ਬਕਾਇਆ ਕਿਰਿਆ ਕਾਰਜਵਿਧੀਆਂ ਦੇ ਦੁਆਰਾ ਮਸਲਿਆਂ ਨੂੰ ਸੁਲਝਾਉਣ ਦੀ ਲੋੜ ਹੁੰਦੀ ਹੈ।

### *ਜੇ ਆਪਣੇ ਬੱਚੇ ਦੇ ਸਿੱਖਿਆ ਪ੍ਰੋਗਰਾਮ ਬਾਰੇ ਮੇਰੀ ਕੋਈ ਸ਼ਿਕਾਇਤ ਹੈ, ਤਾਂ ਮੈਂ ਇਹ ਕਿਵੇਂ ਕਰ ਸਕਦਾ/ਸਕਦੀ ਹਾਂ?*

ਜਦੋਂ ਆਪਣੇ ਬੱਚੇ ਦੀ ਸਿੱਖਿਆ ਬਾਰੇ ਤੁਹਾਡੀ ਕੋਈ ਚਿੰਤਾ ਹੁੰਦੀ ਹੈ, ਤਾਂ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪਣੇ ਬੱਚੇ ਬਾਰੇ ਅਤੇ ਆਪਣੀਆਂ ਮਹਿਸੂਸ ਕੀਤੀਆਂ ਕਿਸੇ ਸਮੱਸਿਆਵਾਂ ਬਾਰੇ ਗੱਲ ਕਰਨ ਲਈ ਆਪਣੇ ਬੱਚੇ ਦੇ ਅਧਿਆਪਕ/ਅਧਿਆਪਕਾ ਜਾਂ ਸਕੂਲ ਪ੍ਰਬੰਧਕ ਜਾਂ ਜ਼ਿਲਾ ਪ੍ਰਬੰਧਕ ਨਾਲ ਸੰਪਰਕ ਕਰੋ। ਤੁਹਾਡੇ ਸਕੂਲ ਦੇ ਜ਼ਿਲੇ ਜਾਂ SELPA ਦੇ ਕਰਮਚਾਰੀ ਤੁਹਾਡੇ ਬੱਚੇ ਦੀ ਸਿੱਖਿਆ, ਤੁਹਾਡੇ ਅਧਿਕਾਰਾਂ, ਅਤੇ ਪ੍ਰੋਸੀਜ਼ਰਲ ਸੇਫਗਾਰਡਜ਼ ਬਾਰੇ ਸਵਾਲਾਂ ਦੇ ਜਵਾਬ ਦੇ ਸਕਦੇ ਹਨ। ਨਾਲ ਹੀ, ਜਦੋਂ ਤੁਹਾਡੀ ਕੋਈ ਚਿੰਤਾ ਹੁੰਦੀ ਹੈ, ਤਾਂ ਇਸ ਗੈਰ-ਰਸਮੀ ਵਾਰਤਾਲਾਪ ਨਾਲ ਅਕਸਰ ਸਮੱਸਿਆ ਸੁਲਝ ਜਾਂਦੀ ਹੈ ਅਤੇ ਖੁੱਲ੍ਹਾ ਸੰਚਾਰ ਕਾਇਮ ਰੱਖਣ ਵਿੱਚ ਮਦਦ ਮਿਲਦੀ ਹੈ। ਤੁਸੀਂ ਵਿਚੋਲਗਿਰੀ ਜਾਂ ਇੱਕ ਵਿਕਲਪਿਕ ਵਿਵਾਦ ਫੈਸਲਾ (ADR) ਕਿਰਿਆ ਦੁਆਰਾ, ਜੋ Facilitated IEP (FIEP) ਵਜੋਂ ਵੀ ਜਾਣੀ ਜਾਂਦੀ ਹੈ, ਵਿਵਾਦਾਂ ਨੂੰ ਸੁਲਝਾਉਣ ਲਈ ਸਕੂਲ ਜ਼ਿਲੇ ਦੇ ਪ੍ਰਬੰਧਕ ਨੂੰ ਆਖ ਸਕਦੇ ਹੋ, ਜੋ ਬਕਾਇਆ ਕਿਰਿਆ ਦੀ ਸੁਣਵਾਈ ਤੋਂ ਘੱਟ ਵਿਰੋਧੀ ਹਨ। FIEP ਦਾ ਸਕਾਰਾਤਮਕ ਢਾਂਚਾ ਚਿੰਤਾਵਾਂ ਜਾਂ ਤੁਹਾਡੀਆਂ ਅਨੁਭਵ ਕੀਤੀਆਂ ਸਮੱਸਿਆਵਾਂ ਨੂੰ ਸੁਲਝਾਉਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਵਿਚੋਲਗਿਰੀ ਕਿਰਿਆ ਸਵੈਇੱਛਤ ਹੈ ਅਤੇ ਬਕਾਇਆ ਕਿਰਿਆ ਦੀ ਸੁਣਵਾਈ ਲਈ ਤੁਹਾਡੇ ਅਧਿਕਾਰ ਨੂੰ ਲਮਕਾਉਣ ਲਈ ਵਰਤਿਆ ਨਹੀਂ ਜਾ ਸਕਦੀ।

***ਇੱਕ Facilitated IEP ਕੀ ਹੈ?***

ਇੱਕ ਸੁਵਿਧਾਜਨਕ IEP ਉਹ ਹੈ ਜਿਸਦਾ ਇੱਕ ਸਹਿਯੋਗੀ ਟੀਮ ਦੁਆਰਾ ਵਿਕਾਸ ਕੀਤਾ ਜਾਂਦਾ ਹੈ ਜਿਸਦੇ ਸਦੱਸ ਮੀਟਿੰਗ ਕਿਰਿਆ ਅਤੇ ਨਤੀਜਿਆਂ ਲਈ ਜ਼ਿੰਮੇਵਾਰੀ ਨੂੰ ਸਾਂਝਾ ਕਰਦੇ ਹਨ। ਫੈਸਲਾ ਲੈਣ ਦਾ ਪ੍ਰਬੰਧ ਸਹਾਇਤਾ ਗੁਣਾਂ ਦੇ ਦੁਆਰਾ ਕੀਤਾ ਜਾਂਦਾ ਹੈ। ਇਸ ਨਾਲ IEP ਟੀਮ ਨੂੰ ਟੀਮ ਦੇ ਵਿੱਚ ਮਜ਼ਬੂਤ ਰਿਸ਼ਤਿਆਂ ਨੂੰ ਬਣਾਉਣ ਅਤੇ ਸੁਧਾਰ ਕਰਨ ਦੀ, ਅਤੇ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਖਾਸ ਧਿਆਨ ਦੇ ਨਾਲ ਸਹੀ ਸਰਬ ਸੰਮਤੀ 'ਤੇ ਪਹੁੰਚਣ ਦੀ ਇਜਾਜ਼ਤ ਮਿਲਦੀ ਹੈ।

***ਅਨੁਪਾਲਣ ਸ਼ਿਕਾਇਤ ਕੀ ਹੈ ਅਤੇ ਇੱਕ ਅਨੁਪਾਲਣ ਸ਼ਿਕਾਇਤ ਲਈ ਮੇਰੇ ਕੀ ਅਧਿਕਾਰ ਹਨ?***

ਅਨੁਪਾਲਣ ਸ਼ਿਕਾਇਤ IDEA ਜਾਂ ਕੈਲੀਫਾਰਨੀਆ ਦੇ ਵਿਸ਼ੇਸ਼ ਸਿੱਖਿਆ ਕਾਨੂੰਨ ਦੇ ਤਹਿਤ ਕਾਨੂੰਨ ਨੂੰ ਭੰਗ ਕਰਨ ਦੀ ਦਲੀਲ ਦਿੰਦੀ ਹੈ। ਸ਼ਿਕਾਇਤ ਲਈ ਇਹ ਲਾਜ਼ਮੀ ਹੈ: (1) ਲਿਖਤ ਵਿੱਚ ਹੋਣੀ ਚਾਹੀਦੀ ਹੈ; (2) ਇਸ ਵਿੱਚ ਕਥਨ ਹੋਣਾ ਚਾਹੀਦਾ ਹੈ ਕਿ LEA ਨੇ IDEA ਜਾਂ ਕੈਲੀਫਾਰਨੀਆ ਸਿੱਖਿਆ ਕੋਡ ਦੇ ਬਰਾਬਰ ਹਿੱਸੇ ਵਿੱਚ ਕਿਸੇ ਕਾਨੂੰਨ ਜਾਂ ਕਾਇਦੇ ਨੂੰ ਭੰਗ ਕੀਤਾ ਹੈ; (3) ਇਸ ਵਿੱਚ ਤੱਥ ਸ਼ਾਮਲ ਹਨ ਜੋ ਦੋਸ਼ ਦਾ ਸਮਰਥਨ ਕਰਦੇ ਹਨ; (4) ਇਸ ਵਿੱਚ ਸ਼ਿਕਾਇਤ ਕਰਨ ਵਾਲੇ ਦੇ ਹਸਤਾਖਰ ਅਤੇ ਸੰਪਰਕ ਜਾਣਕਾਰੀ ਹੈ; ਅਤੇ (5) ਜੇ ਇੱਕੋ ਬੱਚੇ ਦੇ ਖਿਲਾਫ਼ ਉਲੰਘਣ ਦੀ ਦਲੀਲ ਦਿੱਤੀ ਜਾ ਰਹੀ ਹੈ, ਤਾਂ ਇਹ ਸ਼ਾਮਲ ਹੋਣਾ ਲਾਜ਼ਮੀ ਹੈ: (a) ਬੱਚੇ ਦਾ ਨਾਂ ਅਤੇ ਪਤਾ (ਜਾਂ ਬੇਘਰ ਬੱਚੇ ਲਈ ਉਪਲਬਧ ਸੰਪਰਕ ਜਾਣਕਾਰੀ); (b) ਸਕੂਲ ਦਾ ਨਾਂ ਜਿੱਥੇ ਬੱਚਾ ਜਾ ਰਿਹਾ ਹੈ; (c) ਸਮੱਸਿਆ ਦੀ ਕਿਸਮ ਅਤੇ ਸਮੱਸਿਆ ਨਾਲ ਜੁੜੇ ਤੱਥਾਂ ਦਾ ਵਰਣਨ; ਅਤੇ (d) ਗਿਆਤ ਸੀਮਾ ਤਕ ਇੱਕ ਪ੍ਰਸਤਾਵਿਤ ਫੈਸਲਾ।

**ਜ਼ਿਲਾ/LEA ਪੱਧਰ ਅਨੁਪਾਲਣ ਦੀ ਸ਼ਿਕਾਇਤ:** Antelope Valley SELPA ਤੁਹਾਨੂੰ ਵਿਸ਼ੇਸ਼ ਸਿੱਖਿਆ ਮੁੱਦਿਆਂ ਬਾਰੇ ਆਪਣੀ ਸ਼ਿਕਾਇਤ ਨੂੰ ਸਿੱਧਾ ਆਪਣੇ LEA ਕੋਲ ਦਰਜ ਕਰਨ ਲਈ ਹੱਲਾਸ਼ੇਰੀ ਦਿੰਦੇ ਹਨ, ਤਾਂ ਜੋ LEA ਇੱਕ ਗੈਰ-ਰਸਮੀ ਅਤੇ ਕੁਸ਼ਲ ਤਰੀਕੇ ਵਿੱਚ ਤੁਹਾਡੀਆਂ ਚਿੰਤਾਵਾਂ ਦਾ ਫਟਾਫਟ ਨਿਪਟਾਰਾ ਕਰ ਸਕੇ। LEA ਨੇ ਇਹਨਾਂ ਸ਼ਿਕਾਇਤਾਂ ਨੂੰ ਦਰਜ ਕਰਨ ਲਈ ਗੁਪਤ ਕਾਰਜਵਿਧੀਆਂ ਸਥਾਪਿਤ ਕੀਤੀਆਂ ਹਨ ਅਤੇ ਤੁਹਾਡੀ ਸ਼ਿਕਾਇਤ ਦੀ ਜਾਂਚ-ਪੜਤਾਲ ਕਰਨ ਲਈ ਸਮੇਂ ਸਿਰ ਤੁਹਾਡੇ ਨਾਲ ਮੁਲਾਕਾਤ ਕਰੇਗੀ ਅਤੇ ਕਿਸੇ ਚਿੰਤਾਵਾਂ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰੇਗੀ। ਅਨੁਪਾਲਣ ਅਧਿਕਾਰੀ ਜ਼ਿਲੇ, ਇਸਦੇ ਕਰਮਚਾਰੀਆਂ ਜਾਂ ਠੇਕੇਦਾਰਾਂ, ਅਤੇ ਵਿਦਿਆਰਥੀਆਂ ਦੇ ਖਿਲਾਫ਼ ਪੱਖਪਾਤ ਦੀ ਕਿਸੇ ਸ਼ਿਕਾਇਤ ਨੂੰ ਸੁਲਝਾਉਣ ਵਿੱਚ ਤੁਹਾਡੀ ਮਦਦ ਕਰੇਗਾ। ਅਨੁਪਾਲਣ ਅਧਿਕਾਰੀ ਤੁਹਾਡੀ ਸ਼ਿਕਾਇਤ ਨੂੰ ਲਿਖਤ ਵਿੱਚ ਤਿਆਰ ਕਰਨ ਅਤੇ ਕਾਨੂੰਨ ਦੁਆਰਾ ਲੋੜੀਂਦੀ ਜਾਣਕਾਰੀ ਪ੍ਰਦਾਨ ਕਰਨ ਲਈ ਤੁਹਾਡੀ ਮਦਦ ਕਰਨ ਦੇ ਯੋਗ ਵੀ ਹੁੰਦਾ ਹੈ। ਅਨੁਪਾਲਣ ਅਧਿਕਾਰੀ ਤੁਹਾਨੂੰ ਸ਼ਿਕਾਇਤਾਂ ਦੀ ਜਾਂਚ-ਪੜਤਾਲ ਅਤੇ ਫੈਸਲੇ ਲਈ ਜ਼ਿੰਮੇਵਾਰ ਹੋਰ ਏਜੰਸੀਆਂ ਕੋਲ ਭੇਜੇਗਾ ਜਦੋਂ ਢੁਕਵਾਂ ਹੋਵੇ।

**ਸਟੇਟ ਪੱਧਰ ਦੀ ਅਨੁਪਾਲਣ ਸ਼ਿਕਾਇਤ:** ਕੋਈ ਵਿਅਕਤੀ ਜਾਂ ਸੰਗਠਨ ਕੈਲੀਫਾਰਨੀਆ ਸਿੱਖਿਆ ਵਿਭਾਗ ਦੇ ਨਾਲ ਇੱਕ ਅਨੁਪਾਲਣ ਸ਼ਿਕਾਇਤ ਦਾਇਰ ਕਰਨ ਦੇ ਯੋਗ ਵੀ ਹੋ ਸਕਦਾ ਹੈ, ਇਹ ਦਲੀਲ ਕਰਦੇ ਹੋਏ ਕਿ LEA ਨੇ ਸਟੇਟ ਦੇ ਕਾਨੂੰਨਾਂ ਜਾਂ ਕਾਇਦਿਆਂ ਦਾ ਅਨੁਪਾਲਣ ਨਹੀਂ ਕੀਤਾ ਹੈ। ਤੁਸੀਂ ਇੱਕ ਅਨੁਪਾਲਣ ਸ਼ਿਕਾਇਤ ਨੂੰ ਦਾਇਰ ਕਰਨ ਲਈ ਹੇਠ ਲਿਖੇ ਨਾਲ ਸੰਪਰਕ ਕਰ ਸਕਦੇ ਹੋ:

**California Department of Education Special Education Division (ਕੈਲੀਫਾਰਨੀਆ ਸਿੱਖਿਆ ਵਿਭਾਗ ਦਾ**

**ਵਿਸ਼ੇਸ਼ ਸਿੱਖਿਆ ਡਿਵੀਜ਼ਨ)**

**Procedural Safeguards Referral Service 1430 N Street, Suite 2401**
**Sacramento, CA 95814**
**ਫ਼ੋਨ (800) 926-0648**

**ਫੈਕਸ (916) 327-3704**

CDE ਵਿਖੇ ਇਹ ਦਫਤਰ ਵੀ ਤੁਹਾਡੀ ਸ਼ਿਕਾਇਤ ਨੂੰ ਲਿਖਤ ਵਿੱਚ ਤਿਆਰ ਕਰਨ ਅਤੇ ਕਾਨੂੰਨ ਦੁਆਰਾ ਲੋੜੀਂਦੀ ਜਾਣਕਾਰੀ ਪ੍ਰਦਾਨ ਕਰਨ ਲਈ ਤੁਹਾਡੀ ਮਦਦ ਕਰਨ ਦੇ ਯੋਗ ਹੁੰਦਾ ਹੈ। ਅਨੁਪਾਲਣ ਅਧਿਕਾਰੀ ਤੁਹਾਨੂੰ ਸ਼ਿਕਾਇਤਾਂ ਦੀ ਜਾਂਚ-ਪੜਤਾਲ ਅਤੇ ਫੈਸਲੇ ਲਈ ਜ਼ਿੰਮੇਵਾਰ ਹੋਰ ਏਜੰਸੀਆਂ ਕੋਲ ਭੇਜੇਗਾ ਜਦੋਂ ਢੁਕਵਾਂ ਹੋਵੇ।

CDE ਦੇ ਨਾਲ ਦਾਇਰ ਕੀਤੀਆਂ ਅਨੁਪਾਲਣ ਸ਼ਿਕਾਇਤਾਂ ਨੂੰ ਉਸ ਮਿਤੀ ਤੋਂ **ਇੱਕ** ਸਾਲ ਦੇ ਅੰਦਰ ਦਾਇਰ ਕਰਨਾ ਲਾਜ਼ਮੀ ਹੈ ਜਦੋਂ ਤੁਹਾਨੂੰ ਅਜਿਹੇ ਤੱਥਾਂ ਦੀ ਜਾਣਕਾਰੀ ਹੋਈ ਸੀ ਜਾਂ ਤੱਥ ਜਾਣਨ ਦਾ ਕੋਈ ਕਾਰਣ ਬਣਿਆ ਸੀ ਜੋ ਸ਼ਿਕਾਇਤ ਲਈ ਆਧਾਰ ਸਨ। ਤੁਹਾਡੇ ਲਈ LEA ਨੂੰ ਉਸੇ ਸਮੇਂ 'ਤੇ ਸ਼ਿਕਾਇਤ ਦੀ ਇੱਕ ਨਕਲ ਅੱਗੇ ਭੇਜਣਾ ਵੀ ਲਾਜ਼ਮੀ ਹੈ ਕਿ ਤੁਸੀਂ CDE ਦੇ ਨਾਲ ਸ਼ਿਕਾਇਤ ਦਾਇਰ ਕਰਦੇ ਹੋ।

ਤੁਹਾਡੀ ਸ਼ਿਕਾਇਤ ਨੂੰ ਦਾਇਰ ਕਰਨ ਦੇ ਬਾਅਦ ਸੱਠ (60) ਦਿਨਾਂ ਦੇ ਅੰਦਰ, CDE ਹੇਠ ਲਿਖਿਆ ਕਰੇਗਾ: (1) ਸਾਈਟ-ਉੱਤੇ ਇੱਕ ਆਤਮ-ਨਿਰਭਰ ਜਾਂਚ-ਪੜਤਾਲ ਚਲਾਏਗਾ, ਜੇ ਜ਼ਰੂਰੀ ਹੋਵੇ; (2) ਤੁਹਾਨੂੰ ਸ਼ਿਕਾਇਤ ਵਿੱਚਲੇ ਤੱਥਾਂ ਬਾਰੇ, ਮੂੰਹ-ਜ਼ਬਾਨੀ ਜਾਂ ਲਿਖਤ ਰੂਪ ਵਿੱਤ ਵਾਧੂ ਜਾਣਕਾਰੀ ਦਰਜ ਕਰਨ ਦਾ ਮੌਕਾ ਦਏਗਾ; (3) LEA ਨੂੰ ਸ਼ਿਕਾਇਤ ਲਈ ਪ੍ਰਤੀਕਿਰਿਆ ਕਰਨ ਦਾ ਮੌਕਾ ਦਏਗਾ, ਜਿਸ ਵਿੱਚ ਸ਼ਿਕਾਇਤ ਨੂੰ ਸੁਲਝਾਉਣ ਦਾ ਪ੍ਰਸਤਾਵ ਸ਼ਾਮਲ ਹੈ; (4) ਤੁਹਾਨੂੰ ਅਤੇ LEA ਨੂੰ ਸੁਲਹ ਕਰਨ ਲਈ ਆਪਣੀ ਮਰਜ਼ੀ ਨਾਲ ਸਹਿਮਤ ਹੋਣ ਦਾ ਮੌਕਾ ਦਏਗਾ; (5) ਸਾਰੀ ਸਬੰਧਤ ਜਾਣਕਾਰੀ ਦੀ ਸਮੀਖਿਆ ਕਰੇਗਾ ਅਤੇ ਇਸ ਬਾਰੇ ਸੁਤੰਤਰ ਫੈਸਲਾ ਲਏਗਾ ਕਿ LEA ਕਿਤੇ IDEA ਅਤੇ/ਜਾਂ ਸਬੰਧਤ ਸਟੇਟ ਕਾਨੂੰਨ ਦੀ ਜ਼ਰੂਰਤ ਦਾ ਉਲੰਘਣ ਤਾਂ ਨਹੀਂ ਕਰ ਰਹੀ; ਅਤੇ (6) ਤੁਹਾਡੇ ਅਤੇ LEA ਲਈ ਇੱਕ ਲਿਖਤ ਫੈਸਲਾ ਜਾਰੀ ਕਰੇਗਾ ਜੋ ਸ਼ਿਕਾਇਤ ਵਿੱਚ ਹਰ ਦੋਸ਼ ਦਾ ਵਰਣਨ ਕਰਦਾ ਹੈ ਅਤੇ ਜਿਸ ਵਿੱਚ ਤੱਥ ਅਤੇ ਫੈਸਲਿਆਂ ਦੇ ਨਿਸ਼ਕਰਸ਼, ਅਤੇ ਅੰਤਿਮ ਫੈਸਲੇ ਦੇ ਕਾਰਣ ਹਨ।

### *CDE ਨੂੰ ਦਰਜ ਕੀਤੀ "ਸਿਰਫ਼ ਵਿਚੋਲਗਿਰੀ" ਬੇਨਤੀ ਕੀ ਹੈ?*

ਕੈਲੀਫਾਰਨੀਆ ਵਿੱਚ, ਵਿਚੋਲਗਿਰੀ ਸਵੈਇਛੱਤ ਹੈ। ਤੁਸੀਂ Office of Administrative Hearings (ਪ੍ਰਸ਼ਾਸਕੀ ਸੁਣਵਾਈਆਂ ਦੇ ਦਫਤਰ) ਦੇ ਨਾਲ "ਸਿਰਫ਼ ਵਿਚੋਲਗਿਰੀ" ਮੀਟਿੰਗ ਲਈ ਬੇਨਤੀ ਕਰ ਸਕਦੇ ਹੋ। "ਸਿਰਫ਼ ਵਿਚੋਲਗਿਰੀ" ਦਾ ਮਤਲਬ ਹੈ ਕਿ ਤੁਸੀਂ ਬਕਾਇਆ ਕਿਰਿਆ ਦੀ ਸੁਣਵਾਈ ਲਈ ਕਹੇ ਬਗੈਰ, ਵਿਚੋਲਗਿਰੀ ਮੰਗ ਰਹੇ ਹੋ। ਵਿਚੋਲਗਿਰੀ ਇੱਕ ਗੈਰ-ਵਿਰੋਧੀ ਤਰੀਕੇ ਵਿੱਚ ਕੀਤੀ ਗਈ ਇੱਕ ਗੈਰ-ਰਸਮੀ ਕਾਰਵਾਈ ਹੈ। ਜੇ ਤੁਸੀਂ ਸਿਰਫ਼-ਵਿਚੋਲਗਿਰੀ ਲਈ ਬੇਨਤੀ ਕਰਦੇ ਹੋ,
ਤੁਹਾਨੂੰ ਅਤੇ ਸਕੂਲ ਦੇ ਜ਼ਿਲੇ ਨੂੰ ਇੱਕ ਸੂਚਨਾ ਮਿਲੇਗੀ ਕਿ ਵਿਚੋਲਗਿਰੀ ਨਿਰਧਾਰਤ ਕੀਤੀ ਗਈ ਹੈ ਅਤੇ ਸੂਚਨਾ ਵਿੱਚ ਵਿਚੋਲਗਿਰੀ ਦੇ ਸਮੇਂ, ਮਿਤੀ, ਅਤੇ ਸਥਾਨ ਦੇ ਨਾਲ-ਨਾਲ ਮਾਮਲੇ ਲਈ ਸਪੁਰਦ ਕੀਤੇ ਜਾਣਕਾਰੀ ਅਤੇ ਨਿਰਪੱਖ ਵਿਚੌਲੇ ਦਾ ਨਾਂ, ਪਤਾ ਅਤੇ ਫ਼ੋਨ ਨੰਬਰ ਸ਼ਾਮਲ ਹੋਵੇਗਾ।

Office of Administrative Hearings ਵਲੋਂ ਬੇਨਤੀ ਪ੍ਰਾਪਤ ਹੋਣ ਦੇ 15 ਦਿਨਾਂ ਦੇ ਅੰਦਰ ਵਿਚੋਲਗਿਰੀ ਨਿਰਧਾਰਤ ਕਰਨਾ ਲਾਜ਼ਮੀ ਹੁੰਦਾ ਹੈ। ਅਟਾਰਨੀ ਸਿਰਫ਼-ਵਿਚੋਲਗਿਰੀ 'ਤੇ ਹਾਜ਼ਰ ਨਹੀਂ ਹੋ ਸਕਦੇ। ਪਰ, ਤੁਹਾਡੇ ਅਤੇ ਸਕੂਲ ਜ਼ਿਲੇ ਦੇ ਨਾਲ ਗੈਰ-ਅਟਾਰਨੀ ਨੁਮਾਇੰਦੇ ਆ ਸਕਦੇ ਹਨ ਅਤੇ ਇਹਨਾਂ ਤੋਂ ਸਲਾਹ ਲੈ ਸਕਦੇ ਹਨ। ਤੁਹਾਡੇ ਅਤੇ ਸਕੂਲ ਜ਼ਿਲੇ ਦੁਆਰਾ ਦਿੱਤੇ ਬਿਆਨ ਗੁਪਤ ਹੁੰਦੇ ਹਨ ਅਤੇ ਬਕਾਇਆ ਕਿਰਿਆ ਦੀ ਸੁਣਵਾਈ ਜਾਂ ਅਦਾਲਤ ਦੀ ਕਾਰਵਾਈ ਵਿੱਚ ਵਰਤੇ ਨਹੀਂ ਜਾ ਸਕਦੇ। ਵਿਚੋਲਗਿਰੀ ਦੇ ਦੌਰਾਨ ਲਿੱਤਾ ਗਿਆ ਕਿਸੇ ਫੈਸਲੇ ਦਾ ਲਿਖਤ ਵਿੱਚ ਹੋਣਾ ਅਤੇ ਸਾਰੀਆਂ ਧਿਰਾਂ ਦੁਆਰਾ ਹਸਤਾਖਰ ਕੀਤਾ ਜਾਣਾ ਲਾਜ਼ਮੀ ਹੁੰਦਾ ਹੈ।

"ਸਿਰਫ਼ ਵਿਚੋਲਗਿਰੀ" ਲਈ ਬੇਨਤੀਆਂ ਇੱਥੇ ਭੇਜੀਆਂ ਜਾਣੀਆਂ ਚਾਹੀਦੀਆਂ ਹਨ:

**Office of Administrative Hearings ("OAH") ਧਿਆਨ**
**ਦਿਓ: Special Education Division**
**2349 Gateway Oaks Drive, Suite 200**
**Sacramento, CA 95833-4231**

Antelope Valley SELPA
Special Education Local Plan Area
**ਫ਼ੋਨ (916) 263-0880**

**ਫੈਕਸ (916) 263-0890**

***ਬਕਾਇਆ ਕਿਰਿਆ ਦੀ ਸੁਣਵਾਈ ਲਈ ਬੇਨਤੀ ਕੀ ਹੈ ਅਤੇ ਇਸ ਨਾਲ ਸਬੰਧਤ ਮੇਰੇ ਅਧਿਕਾਰ ਕੀ ਹਨ?***

ਬਕਾਇਆ ਕਿਰਿਆ ਲਈ ਸੁਣਵਾਈ ਪ੍ਰਸ਼ਾਸਕੀ ਕਾਨੂੰਨ ਦੇ ਜੱਜ ਦੀ ਪ੍ਰਧਾਨਗੀ ਵਿੱਚ ਕੀਤੀ ਗਈ ਇੱਕ ਰਸਮੀ ਕਾਰਵਾਈ ਹੈ, ਜੋ ਅਦਾਲੀ ਕਾਰਵਾਈ ਦੇ ਸਮਾਨ ਹੁੰਦੀ ਹੈ। ਸੁਣਵਾਈ ਤੁਹਾਡੇ ਜਾਂ LEA ਦੁਆਰਾ ਸ਼ੁਰੂ ਕੀਤੀ ਜਾ ਸਕਦੀ ਹੈ ਜਦੋਂ ਜਦੋਂ ਤੁਹਾਡੇ ਬੱਚੇ ਦੀ ਪਛਾਣ, ਮੁਲਾਂਕਣ ਜਾਂ ਸਿੱਖਿਅਕ ਪਲੇਸਮੈਂਟ ਲਈ ਪ੍ਰਸਤਾਵ, ਤੁਹਾਡੇ ਬੱਚੇ ਲਈ FAPE ਦੀ ਵਿਵਸਥਾ ਨੂੰ ਸ਼ੁਰੂ ਕਰਨ ਜਾਂ ਬਦਲਾਵ ਕਰਨ ਦੀ ਮਨਾਹੀ ਹੁੰਦੀ ਹੈ, ਜਾਂ ਤੁਹਾਡੇ ਬੱਚੇ ਲਈ ਕਿਸੇ ਢੁਕਵੇਂ ਪ੍ਰੋਗਰਾਮ ਦੀ ਉਪਲਬਧੀ ਉੱਤੇ ਵਿਵਾਦ ਹੁੰਦਾ ਹੈ। ਬਕਾਇਆ ਕਿਰਿਆ ਲਈ ਸੁਣਵਾਈ ਲਈ ਬੇਨਤੀਆਂ ਇੱਥੇ ਭੇਜੀਆਂ ਜਾਣੀਆਂ ਚਾਹੀਦੀਆਂ ਹਨ:

**Office of Administrative Hearings ("OAH") ਧਿਆਨ**

**ਦਿਓ: Special Education Division**

**2349 Gateway Oaks Drive, Suite 200**
**Sacramento, CA 95833-4231**
**ਫ਼ੋਨ (916) 263-0880**

**ਫੈਕਸ (916) 263-0890**

ਬਕਾਇਆ ਕਿਰਿਆ ਦੀ ਸੁਣਵਾਈ ਲਈ ਬੇਨਤੀ ਨੂੰ ਉਸ ਮਿਤੀ ਤੋਂ ***ਦੋ*** ਸਾਲਾਂ ਦੇ ਅੰਦਰ ਦਾਇਰ ਕਰਨਾ ਲਾਜ਼ਮੀ ਹੈ ਜਦੋਂ ਤੁਹਾਨੂੰ ਅਜਿਹੇ ਤੱਥਾਂ ਦੀ ਜਾਣਕਾਰੀ ਹੋਈ ਸੀ ਜਾਂ ਤੱਥ ਜਾਣਨ ਦਾ ਕਾਰਨ ਬਣਿਆ ਸੀ ਜੋ ਸੁਣਵਾਈ ਦੀ ਬੇਨਤੀ ਲਈ ਆਧਾਰ ਸਨ। ਜੇ ਤੁਹਾਨੂੰ ਪਹਿਲਾਂ ਬਕਾਇਆ ਕਿਰਿਆ ਦੀ ਸੁਣਵਾਈ ਲਈ ਬੇਨਤੀ ਕਰਨ ਤੋਂ ਰੋਕਿਆ ਗਿਆ ਸੀ ਤਾਂ ਇਹ ਸਮਾਂ-ਸੀਮਾ ਤੁਹਾਡੇ ਲਈ ਲਾਗੂ ਨਹੀਂ ਹੁੰਦੀ ਕਿਉਂਕਿ LEA: (1) ਨੇ ਗ਼ਲਤ ਪੇਸ਼ਕਾਰੀ ਕੀਤੀ ਕਿ ਕਿ ਇਸਨੇ ਸਮੱਸਿਆ ਨੂੰ ਸੁਲਝਾਇਆ ਸੀ ਜੋ ਤੁਹਾਡੀ ਬੇਨਤੀ ਦਾ ਆਧਾਰ ਹੈ; ਜਾਂ (2) ਇਸ ਸੂਚਨਾ ਵਿੱਚ ਸ਼ਾਮਲ ਜਾਣਕਾਰੀ ਦੇ ਸਬੰਧ ਵਿੱਚ ਤੁਹਾਡੇ ਤੋਂ ਜਾਣਕਾਰੀ ਰੋਕੀ। ਜੇ ਤੁਸੀਂ ਉਸ ਜਾਣਕਾਰੀ ਲਈ ਬੇਨਤੀ ਕਰਦੇ ਹੋ, ਜਾਂ ਜੇ ਤੁਸੀਂ ਜਾਂ ਫੇਰ LEA ਬਕਾਇਆ ਕਿਰਿਆ ਦੀ ਸ਼ਿਕਾਇਤ ਨੂੰ ਦਾਇਰ ਕਰਦੀ ਹੈ, ਤਾਂ LEA ਲਈ ਤੁਹਾਨੂੰ ਕਿਸੇ ਮੁਫ਼ਤ ਜਾਂ ਘੱਟ-ਲਾਗਤ ਵਾਲੀਆਂ ਕਾਨੂੰਨੀ ਜਾਂ ਹੋਰ ਸਬੰਧਤ ਸੇਵਾਵਾਂ ਦੀ ਸੂਚਨਾ ਦੇਣਾ ਲਾਜ਼ਮੀ ਹੈ।

ਤੁਹਾਡੀ ਬਕਾਇਆ ਕਿਰਿਆ ਸੁਣਵਾਈ ਦੀ ਸ਼ਿਕਾਇਤ ਵਿੱਚ **ਲਾਜ਼ਮੀ ਤੌਰ 'ਤੇ** ਹੇਠ ਲਿਖੀ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ: (1) ਤੁਹਾਡੇ ਬੱਚੇ ਦਾ ਨਾਂ; (2) ਤੁਹਾਡੇ ਬੱਚੇ ਦਾ ਪਤਾ (ਜਾਂ ਇੱਕ ਬੇਘਰ ਬੱਚੇ ਦੇ ਮਾਮਲੇ ਵਿੱਚ, ਉਪਲਬਧ ਸੰਪਰਕ ਜਾਣਕਾਰੀ); (3) ਸਕੂਲ ਦਾ ਨਾਂ ਜਿੱਥੇ ਤੁਹਾਡਾ ਬੱਚਾ ਜਾਂਦਾ ਹੈ; (4) ਪ੍ਰਸਤਾਵਿਤ ਸ਼ੁਰੂਆਤ ਜਾਂ ਬਦਲਾਵ ਨਾਲ ਸਬੰਧਤ ਸਮੱਸਿਆ ਦਾ ਵਰਣਨ, ਸਮੱਸਿਆ ਬਾਰੇ ਵਿਸ਼ਿਸ਼ਟ ਤੱਥਾਂ ਸਮੇਤ; ਅਤੇ (5) ਉਸ ਸੀਮਾ ਤਕ ਸਮੱਸਿਆ ਲਈ ਪ੍ਰਸਤਾਵਿਤ ਫੈਸਲਾ ਜੋ ਤੁਹਾਡੀ ਜਾਣਕਾਰੀ ਅੰਦਰ ਹੈ। ਤੁਹਾਡੇ ਲਈ LEA ਨੂੰ ਬਕਾਇਆ ਕਿਰਿਆ ਲਈ ਤੁਹਾਡੀ ਬੇਨਤੀ ਦੀ ਇੱਕ ਨਕਲ ਪ੍ਰਦਾਨ ਕਰਨਾ ਲਾਜ਼ਮੀ ਹੈ। ਤੁਹਾਡੀ (ਜਾਂ LEA) ਦੀ ਬਕਾਇਆ ਕਿਰਿਆ ਦੀ ਸੁਣਵਾਈ ਤਦ ਤਕ ਨਹੀਂ ਹੋ ਸਕਦੀ ਜਦੋਂ ਤਕ ਉਜਾਗਰ ਕੀਤੀ ਸਾਰੀ ਜਾਣਕਾਰੀ ਵਾਲੀ ਬਕਾਇਆ ਕਿਰਿਆ ਦੀ ਸੁਣਵਾਈ ਵਾਲੀ ਸ਼ਿਕਾਇਤ ਦਾਇਰ ਨਹੀਂ ਹੋ ਜਾਂਦੀ।

ਸ਼ਿਕਾਇਤ ਉਪਰੋਕਤ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਬਥੇਰੀ ਮੰਨੀ ਜਾਵੇਗੀ ਜਦੋਂ ਤਕ, ਸ਼ਿਕਾਇਤ ਪ੍ਰਾਪਤ ਕਰਨ ਵਾਲੀ ਧਿਰ ਉਸ ਮਿਤੀ ਤੋਂ ਪੰਦਰ੍ਹਾਂ ਦਿਨਾਂ ਦੇ ਅੰਦਰ ਸੁਣਵਾਈ ਅਧਿਕਾਰੀ ਅਤੇ ਦੂਜੀ ਧਿਰ ਨੂੰ ਇਹ ਸੂਚਨਾ ਨਹੀਂ ਦੇ ਦਿੰਦਾ ਕਿ ਉਸਦੇ ਵਿਸ਼ਵਾਸ ਅਨੁਸਾਰ ਸ਼ਿਕਾਇਤ ਉਪਰੋਕਤ ਸੂਚੀਬੱਧ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦੀ ਹੈ। ਇਹ ਸੂਚਨਾ ਪ੍ਰਾਪਤ ਕਰਨ ਦੇ ਪੰਜ ਦਿਨਾਂ ਅੰਦਰ ਕਿ ਪ੍ਰਾਪਤ ਕਰਨ ਵਾਲੀ ਧਿਰ ਦਾ ਮੰਨ੍ਹਣਾ ਹੈ ਕਿ ਸ਼ਿਕਾਇਤ ਨਾਕਾਫੀ ਹੈ, OAH ਲਈ ਇਹ ਫੈਸਲਾ ਲੈਣਾ ਲਾਜ਼ਮੀ ਹੈ ਕਿ, ਕੀ ਬਕਾਇਆ ਕਿਰਿਆ ਸ਼ਿਕਾਇਤ ਉਪਰੋਕਤ ਸੂਚੀਬੱਧ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ ਅਤੇ ਉਹ ਤੁਹਾਨੂੰ ਅਤੇ LEA ਨੂੰ ਲਿਖਤ ਵਿੱਚ ਸੂਚਨਾ ਦੇਣਗੇ ਜੇ ਇਹ ਨਾਕਾਫੀ ਹੋਵੇ। ਜੇ OAH ਨਿਰਧਾਰਨ ਕਰਦਾ

ਹੈ ਕਿ ਇੱਕ ਬਕਾਇਆ ਕਿਰਿਆ ਦੀ ਸ਼ਿਕਾਇਤ ਨਾਕਾਫੀ ਹੈ, ਤਾਂ ਧਿਰ ਕੋਲ ਇੱਕ ਨਵੀਂ ਸ਼ਿਕਾਇਤ ਦਾਇਰ ਕਰਨ ਦਾ ਮੌਕਾ ਹੋ ਸਕਦਾ ਹੈ ਜੋ ਉਪਰੋਕਤ ਸੂਚੀਬੱਧ ਜ਼ਰੂਰਤਾਂ ਨੂੰ ਪੂਰਾ ਕਰਦੀ ਹੋਵੇ।

ਜੇ ਤੁਸੀਂ ਸ਼ਿਕਾਇਤ ਪ੍ਰਾਪਤ ਕਰਨ ਦੇ 10 ਦਿਨਾਂ ਅੰਦਰ ਬਕਾਇਆ ਕਿਰਿਆ ਦੀ ਸੁਣਵਾਈ ਲਈ ਇੱਕ ਬੇਨਤੀ ਦਾਇਰ ਕਰਦੇ ਹੋ, ਤਾਂ LEA ਲਈ ਤੁਹਾਨੂੰ ਅਜਿਹਾ ਜਵਾਬ ਭੇਜਣਾ ਲਾਜ਼ਮੀ ਹੈ ਜੋ ਤੁਹਾਡੀ ਸ਼ਿਕਾਇਤ ਵਿੱਚ ਪੇਸ਼ ਕੀਤੇ ਮੁੱਦਿਆਂ ਨਾਲ ਵਿਸ਼ੇਸ਼ ਤੌਰ 'ਤੇ ਨਿਪਟਦਾ ਹੈ। ਬਕਾਇਆ ਕਿਰਿਆ ਲਈ ਤੁਹਾਡੀ ਬੇਨਤੀ ਪ੍ਰਾਪਤ ਹੋਣ ਦੇ 15 ਦਿਨਾਂ ਅੰਦਰ, LEA ਲਈ ਲਾਜ਼ਮੀ ਹੈ ਕਿ ਤੁਹਾਡੇ, ਤੁਹਾਡੇ ਬੱਚੇ ਦੀ IEP ਟੀਮ ਦੇ ਸਬੰਧਤ ਸਦੱਸ(ਸਾਂ) ਜਿਹਨਾਂ ਨੂੰ ਬਕਾਇਆ ਕਿਰਿਆ ਸੁਣਵਾਈ ਦੀ ਬੇਨਤੀ ਵਿੱਚ ਪਤਾ ਲਗਾਏ ਤੱਥਾਂ ਦੀ ਵਿਸ਼ੇਸ਼ ਜਾਣਕਾਰੀ ਹੈ, ਅਤੇ ਇੱਕ LEA ਨੁਮਾਇੰਦਾ ਜਿਸ ਕੋਲ ਫੈਸਲਾ ਲੈਣ ਦਾ ਅਧਿਕਾਰ ਹੈ, ਦੇ ਨਾਲ ਪੇਸ਼ ਕੀਤੇ ਮੁੱਦਿਆਂ ਲਈ ਫੈਸਲੇ ਦੀ ਚਰਚਾ ਕਰਨ ਵਾਸਤੇ ਇੱਕ ਮੀਟਿੰਗ ਸੱਦੇ। ਮੀਟਿੰਗ ਵਿੱਚ LEA ਦਾ ਅਟਾਰਨੀ ਸ਼ਾਮਲ ਨਹੀਂ ਹੋਵੇਗਾ, ਜਦੋਂ ਤਕ ਤੁਹਾਡੇ ਨਾਲ ਇੱਕ ਅਟਾਰਨੀ ਨਹੀਂ ਆਉਂਦਾ।

ਸਿਵਾਏ ਜਦੋਂ ਤੁਸੀਂ ਅਤੇ LEA ਦੋਵੇਂ ਫੈਸਲਾ ਕਿਰਿਆ ਨੂੰ ਛੱਡਣ ਲਈ ਜਾਂ ਵਿਚੋਲਗਿਰੀ ਦੀ ਵਰਤੋਂ ਕਰਨ ਲਈ ਲਿਖਤ ਵਿੱਚ ਸਹਿਮਤ ਹੁੰਦੇ ਹੋ, ਫੈਸਲਾ ਮੀਟਿੰਗ ਵਿੱਚ ਭਾਗ ਲੈਣ ਲਈ ਤੁਹਾਡੀ ਅਸਫਲਤਾ ਫੈਸਲਾ ਕਿਰਿਆ ਅਤੇ ਬਕਾਇਆ ਕਿਰਿਆ ਦੀ ਸੁਣਵਾਈ ਦੇ ਸਮੇਂ ਨੂੰ ਹੋਰ ਲਮਕਾਏਗੀ ਜਦੋਂ ਤਕ ਤੁਸੀਂ ਇੱਕ ਮੀਟਿੰਗ ਵਿੱਚ ਭਾਗ ਲੈਣ ਲਈ ਸਹਿਮਤ ਨਹੀਂ ਹੁੰਦੇ। ਜੇ LEA ਤੁਹਾਡੀ ਸ਼ਿਕਾਇਤ ਦੀ ਸੂਚਨਾ ਪ੍ਰਾਪਤ ਹੋਣ ਦੇ 15 ਦਿਨਾਂ ਦੇ ਅੰਦਰ ਫੈਸਲੇ ਸਬੰਧੀ ਮੀਟਿੰਗ ਬੁਲਾਉਣ ਲਈ ਅਸਫਲ ਰਹਿੰਦੀ ਹੈ ਜਾਂ ਫੈਸਲੇ ਦੀ ਮੀਟਿੰਗ 'ਤੇ ਆਉਣ ਲਈ ਅਸਫਲ ਰਹਿੰਦੀ ਹੈ, ਤੁਸੀਂ ਹੇਠਾਂ ਦਿੱਤੇ ਸਮੇਂ ਵਿੱਚ ਬਕਾਇਆ ਕਿਰਿਆ ਦੀ ਸੁਣਵਾਈ ਨੂੰ ਸ਼ੁਰੂ ਕਰਨ ਲਈ ਸੁਣਵਾਈ ਅਧਿਕਾਰੀ ਦੇ ਦਖ਼ਲ ਦੇਣ ਦੀ ਮੰਗ ਕਰ ਸਕਦੇ ਹੋ।

